# ਵਾਧੂ ਅਧਿਐਨ

## ਅਧਿਐਨ 1

# ਕੂਚ ਦੀ ਪੁਸਤਕ ਦਾ ਲੇਖਕ

ਰਵਾਇਤੀ ਤੌਰ ਤੇ ਮੂਸਾ ਨੂੰ ਕੂਚ ਦੀ ਪੁਸਤਕ ਅਤੇ ਬਾਕੀ ਦੇ ਪੰਚਗ੍ਰੰਥ ਦਾ ਲੇਖਕ ਸਮਝਿਆ ਗਿਆ ਹੈ। ਪਰ, ਕੁਝ ਲੋਕ ਹਨ ਜਿਨ੍ਹਾਂ ਦਾ ਮੰਨਣਾ ਹੈ ਕਿ ਮੂਸਾ ਨੇ ਇਹ ਪੁਸਤਕਾਂ ਨਹੀਂ ਸੀ ਲਿਖੀਆਂ। ਬਰਨਹਾਰਡ ਡਬਲਿਯੂ. ਐਂਡਰਸਨ ਨੇ ਟਿੱਪਣੀ ਕੀਤੀ ਸੀ ਕਿ "ਬਹੁਤ ਸਾਰੇ ਵਿਦਿਆਰਥੀਆਂ ਨੇ ਬੜੇ ਧਿਆਨ ਨਾਲ ਵਿਚਾਰ ਕੀਤਾ ਹੈ ਅਤੇ ਉਹ ਇਨ੍ਹਾਂ ਵਿਚ ਦੁਹਰਾਈਆਂ ਜਾਣ ਵਾਲੀਆਂ ਗੱਲਾਂ, ਸ਼ੈਲੀਗਤ ਅਨਿਯਮਿਤਤਾਵਾਂ ਅਤੇ ਇਸ ਇਕਸਾਰਤਾਂ ਤੋਂ ਜਾਣੂ ਹੋ ਚੁੱਕੇ ਹਨ ਜਿਸ ਨੂੰ ਇੱਕੋ ਮਨੁੱਖੀ ਲੇਖਕ ਦੀ ਧਾਰਣਾ ਤੇ ਲਈ ਬਿਲਕੁਲ ਵੀ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।"[1]

ਐਂਡਰਸਨ ਨੇ ਪੰਚਗ੍ਰੰਥ ਵਿਚ ਸਮੱਗਰੀ ਦੀਆਂ ਤਿੰਨ ਮੁੱਖ ਕਿਸਮਾਂ ਦਾ ਵਰਣਨ ਕੀਤਾ ਅਤੇ ਫਿਰ ਇਹ ਸਿੱਟਾ ਕੱਢਿਆ, "ਯਹੂਦੀ, ਪ੍ਰੋਟੈਸਟੈਂਟ ਅਤੇ ਕੈਥੋਲਿਕ ਵਿਦਵਾਨਾਂ ਦੁਆਰਾ ਜਿਸ ਪ੍ਰਭਾਵਸ਼ਾਲੀ ਸਿਧਾਂਤ ਨੂੰ ਮੰਨਿਆ ਜਾਂਦਾ ਹੈ ਉਹ ਇਹ ਹੈ ਕਿ ਪੰਚਗ੍ਰੰਥ ਇਕ ਸੰਯੁਕਤ ਰਚਨਾ ਹੈ ਜਿਸ ਦੇ ਵਿਚ ਕਈ ਪਰੰਪਰਾਵਾਂ ਜਾਂ 'ਸ੍ਰੋਤਾਂ' ਨੂੰ ਇਕੱਠਾ ਰਲਾਇਆ ਗਿਆ ਹੈ।"[2] ਅੱਗੇ ਉਸ ਨੇ ਇਹ ਦੱਸਿਆ ਕਿ "ਪਰੰਪਰਾ ਦੇ ਇਨ੍ਹਾਂ ਤੰਦਾਂ ਨੂੰ ਤਦ ਤੱਕ ਵੱਖ-ਵੱਖ ਪੜਾਵਾਂ ਵਿਚ ਇਕੱਠੇ ਬੁਣਿਆ ਗਿਆ ਸੀ ਜਦੋਂ ਤੱਕ ਪੰਚਗ੍ਰੰਥ 400 ਈਸਾ ਪੂਰਵ ਵਿਚ ਇਸ ਦੇ ਵਰਤਮਾਨ ਅਤੇ ਆਖ਼ਰੀ ਰੂਪ ਵਿਚ ਨਹੀਂ ਸੀ ਪਹੁੰਚਿਆ।"[3]

ਬਾਅਦ ਵਿਚ, ਐਂਡਰਸਨ ਨੇ ਆਖਿਆ ਕਿ ਇਹ ਪੂਰੀ ਕਹਾਣੀ ਨਹੀਂ ਹੈ, ਪਰ ਇਹ ਕਿ ਦਸਤਾਵੇਜ਼ ਮੌਖਿਕ ਪਰੰਪਰਾਵਾਂ ਦੁਆਰਾ ਸੈਂਕੜਾਂ ਸਾਲ ਪਹਿਲਾਂ ਆ ਗਏ ਸਨ। ਸਿੱਟੇ ਵਜੋਂ, ਉਸ ਨੇ ਲਿਖਿਆ,

> ਪੰਚਗ੍ਰੰਥ ਦੀਆਂ ਪਰੰਪਰਾਵਾਂ ਦਾ ਇਤਹਾਸ ਇਕ ਲੰਬੀ ਅਤੇ ਗਤੀਸ਼ੀਲ ਪ੍ਰਕਿਰਿਆ ਨੂੰ ਦਰਸਾਉਂਦਾ ਹੈ, ਉਸ ਸਮੇਂ ਤੋਂ ਜਦੋਂ ਇਸਰਾਏਲ ਦੀ ਕਹਾਣੀ ਮੌਖਿਕ ਤੌਰ ਤੇ ਘੜੀ ਗਈ ਸੀ ਅਤੇ ਉਸ ਸਮੇਂ ਦੇ ਲਈ ਉਨ੍ਹਾਂ ਦੇ ਜੀਵਨ ਵਿੱਚੋਂ ਵਿਸ਼ੇਸ਼ ਗੱਲਾਂ (ਵਿਰਤਾਂਤ ਯੋਗਦਾਨਾਂ) ਨਾਲ ਸੁਆਰਿਆ ਗਿਆ ਸੀ ਜਦੋਂ ਇਸ ਨੂੰ ਵੱਖ-ਵੱਖ ਲੇਖਕਾਂ ਦੁਆਰਾ ਉਨ੍ਹਾਂ ਦੇ ਆਪਣੇ-ਆਪਣੇ ਖੇਤਰਾਂ ਵਿਚ ਸਾਹਿਤਕ ਰੂਪ ਦਿੱਤਾ ਗਿਆ ਸੀ ਅਤੇ ਅੰਤ ਵਿਚ ਉਸ ਸਮੇਂ ਦੇ ਲਈ ਜਦੋਂ ਇਨ੍ਹਾਂ ਸਾਹਿਤਕ ਤੰਦਾਂ ਨੂੰ ਜਾਜਕਈ ਲੇਖਕਾਂ ਦੁਆਰਾ ਸਿਧਾਂਤਕ ਪੰਚਗ੍ਰੰਥ ਵਿਚ ਇਕੱਠਾ ਮਿਲਾਇਆ ਗਿਆ ਸੀ ਜੋ ਸਾਨੂੰ ਪ੍ਰਾਪਤ ਹੋਇਆ ਹੈ।[4]

ਇਸ ਵਰਣਨ ਦੇ ਅਨੁਸਾਰ, ਮੌਖਿਕ ਪਰੰਪਰਾਵਾਂ ਸਨ, ਫਿਰ ਵੱਖ-ਵੱਖ ਤਰ੍ਹਾਂ ਦੇ ਦਸਤਾਵੇਜ਼ ਲਿਖੇ ਗਏ ਅਤੇ ਅੰਤ ਵਿਚ ਸਾਰੇ ਦਸਤਾਵੇਜ਼ਾਂ ਨੂੰ ਉਨ੍ਹਾਂ ਜਾਜਕਈ ਲੇਖਕਾਂ ਦੁਆਰਾ ਇਕੱਠਾ ਕੀਤਾ ਗਿਆ ਜਿਹੜੇ ਪੰਜਵੀ ਸਦੀ ਈਸਾ ਪੂਰਵ ਵਿਚ ਜੀਉਂਦੇ ਸਨ। ਇਹ ਵਿਚਾਰ ਮੂਸਾ ਦੇ ਲੇਖਕ ਹੋਣ ਦੇ ਸਭ ਤੋਂ ਪ੍ਰਸਿੱਧ ਵਿਕਲਪਕ ਵਿਚਾਰ ਦਾ ਇਕ ਪ੍ਰਤੀਰੂਪ ਹੈ, ਜਿਸ ਨੂੰ ਦਸਤਾਵੇਜ਼ੀ ਧਾਰਣਾ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਇਹ ਧਾਰਣਾ ਇਹ ਵਿਚਾਰ ਹੈ ਕਿ ਪੰਚਗ੍ਰੰਥ ਚਾਰ ਮੂਲ ਦਸਤਾਵੇਜ਼ਾਂ

ਦੀ ਵਰਤੋਂ ਕਰਦਿਆਂ, ਸੈਂਕੜਾਂ ਸਾਲਾਂ ਤੋਂ ਵੀ ਵੱਧ ਦੇ ਸਮੇਂ ਵਿਚ, ਸੰਪਾਦਕਾਂ ਦੀ ਇਕ ਲੜੀ ਦੁਆਰਾ ਇਕੱਠਾ ਕੀਤਾ ਗਿਆ ਸੀ। ਉਨ੍ਹਾਂ ਦੀ ਰਚਨਾ ਦੀ ਸੰਭਾਵਿਤ ਤਰਤੀਬ ਵਿਚ, ਚਾਰ ਦਸਤਾਵੇਜ਼ ਜਿਹੜੇ ਵਰਤੇ ਗਏ ਸਨ ਹੇਠ ਲਿਖੇ ਹਨ:

(1) ਸਭ ਤੋਂ ਪਹਿਲਾ, ਜੋ ਕਿ ਕਿਹਾ ਜਾਂਦਾ ਹੈ ਕਿ ਨੌਵੀਂ ਸਦੀ ਈਸਾ ਪੂਰਵ ਵਿੱਚੋਂ ਸੀ ਜੇ ਦਸਤਾਵੇਜ਼ ਜਾਂ ਯਾਹਵਿਸਟ ਦਸਤਾਵੇਜ਼ ਹੈ। ਇਸ ਦਸਤਾਵੇਜ਼ ਨੂੰ ਪਰਮੇਸ਼ੁਰ ਦੇ ਲਈ "ਯਾਹਵੇਹ" (יהוה), ਜਾਂ "ਜਹੋਵਾਹ" ਨਾਮ ਦੀ ਇਸ ਦੀ ਪ੍ਰਮੁੱਖ ਵਰਤੋਂ ਦੇ ਕਾਰਣ ਇਸ ਤਰ੍ਹਾਂ ਪਛਾਣਿਆ ਗਿਆ ਹੈ। ਇਸ ਦੇ ਲੇਖਕ ਦਾ ਯਾਹਵਿਸਟ ਦੇ ਤੌਰ ਤੇ ਹਵਾਲਾ ਦਿੱਤਾ ਗਿਆ ਹੈ।

(2) ਲਿਖੀ ਹੋਈ ਲਿਖਤ, ਸ਼ਾਇਦ ਅਠਵੀਂ ਸਦੀ ਈਸਾ ਪੂਰਵ ਦੌਰਾਨ, ਈ ਦਸਤਾਵੇਜ਼, ਜਾਂ ਇਲੋਹਿਸਟ ਦਸਤਾਵੇਜ਼ ਦੀ, ਜਿਹੜਾ ਕਿ ਪਰਮੇਸ਼ੁਰ ਦੇ ਲਈ "ਇਲੋਹਿਮ" (אֱלֹהִים) ਨਾਮ ਵਰਤਦਾ ਹੈ। ਇਸ ਦੇ ਲੇਖਕ ਦਾ ਇਲੋਹਿਸਟ ਦੇ ਤੌਰ ਤੇ ਹਵਾਲਾ ਦਿੱਤਾ ਗਿਆ ਹੈ।

(3) ਲਗਭਗ ਸਤਵੀਂ ਸਦੀ ਈਸਾ ਪੂਰਵ ਵਿਚ ਯੋਸੀਯਾਹ ਦੇ ਸੁਧਾਰ ਦੇ ਸਮੇਂ ਵਿਚ ਲਿਖਿਆ ਗਿਆ ਸੀ, ਕਤਾਰ ਵਿਚ ਅਗਲਾ ਦਸਤਾਵੇਜ਼ ਡੀ ਦਸਤਾਵੇਜ਼ ਹੈ, ਜਾਂ ਡਿਊਟਰੋਨੋਮਿਸਟ ਦਸਤਾਵੇਜ਼। ਇਹ ਲਿਖਤ, ਜਿਸ ਦਾ ਨਾਮ ਡਿਊਟਰੋਨੋਮੀ ਦਾ ਨਾਮ ਤੇ ਰੱਖਿਆ ਗਿਆ ਹੈ, ਕਿਹਾ ਜਾਂਦਾ ਹੈ ਕਿ ਕਾਫੀ ਹੱਦ ਤੱਕ ਉਸ ਪੁਸਤਕ ਦੇ ਵਿਸ਼ੇ-ਵਸਤੂਆਂ ਦੀਆਂ ਬਣੀ ਸੀ। ਇਸ ਦੇ ਲੇਖਕ ਨੂੰ ਡਿਊਟਰੋਨੋਮਿਸਟ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

(4) ਚਾਰਾਂ ਵਿੱਚੋਂ ਆਖ਼ਰੀ ਦਸਤਾਵੇਜ਼, ਜੋ ਕਿ ਕਿਹਾ ਜਾਂਦਾ ਹੈ ਕਿ ਛੇਵੀਂ ਜਾਂ ਪੰਜਵੀਂ ਸਦੀ ਈਸਾ ਪੂਰਵ ਦੌਰਾਨ ਲਿਖਿਆ ਗਿਆ ਸੀ ਪੀ ਦਸਤਾਵੇਜ਼, ਜਾਂ ਪਰੀਸਟਲੀ ਦਸਤਾਵੇਜ਼ ਹੈ। ਇਸ ਨੂੰ ਪਰੀਸਟਲੀ ਦਸਤਾਵੇਜ਼ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਇਹ ਜਾਜਕਾਂ ਦੁਆਰਾ ਲਿਖਿਆ ਜਾਂ ਇਕੱਠਾ ਕੀਤਾ ਗਿਆ ਸੀ ਅਤੇ ਇਸ ਦੇ ਵਿਚ "ਜਾਜਕਈ" ਹਿੱਤਾਂ ਦੇ ਬਾਰੇ ਲਿਖਿਆ ਗਿਆ ਹੈ।[5]

ਕੁੱਲ ਮਿਲਾ ਕੇ, ਇਹ ਸਿਧਾਂਤ ਦੱਸਦਾ ਹੈ ਕਿ ਜੇ ਦਸਤਾਵੇਜ਼ ਸਭ ਤੋਂ ਪਹਿਲਾਂ ਲਿਖਿਆ ਗਿਆ ਸੀ ਅਤੇ ਬਾਅਦ ਵਿਚ ਇਸ ਨੂੰ ਸੰਪਾਦਕ ਦੁਆਰਾ ਈ ਦਸਤਾਵੇਜ਼ ਨਾਲ ਜੋੜ ਦਿੱਤਾ ਗਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਇਸ ਦਾ ਜੇਈ ਵਜੋਂ ਹਵਾਲਾ ਦਿੱਤਾ ਜਾਣ ਲੱਗਾ, ਜਿਹੜਾ ਕਿ ਕਿਹਾ ਜਾਂਦਾ ਹੈ ਕਿ ਕੁਝ ਸਮੇਂ ਦੇ ਲਈ ਰਿਹਾ। ਬਾਅਦ ਵਿਚ, ਇਕ ਹੋਰ ਸੰਪਾਦਕ ਦੁਆਰਾ ਡੀ ਦਸਤਾਵੇਜ਼ ਨੂੰ ਵੀ ਨਾਲ ਜੋੜ ਦਿੱਤਾ ਗਿਆ, ਇਸ ਤਰ੍ਹਾਂ ਜੇਈਡੀ ਨੇ ਸੈਂਕੜਾਂ ਸਾਲਾਂ ਜਾਂ ਵੱਧ ਸਾਲਾਂ ਦੇ ਲਈ ਪੰਚਗ੍ਰੰਥ ਨੂੰ ਬਣਾਇਆ। ਅੰਤ ਵਿਚ, ਥੀਓਰਿਸਟਸ ਦਾਅਵਾ ਕਰਦਾ ਹੈ, ਇਕ ਜਾਜਕ ਜਾਂ ਜਾਜਕ ਦੇ ਇਕ ਸਮੂਹ ਨੇ ਇਸ ਨਾਲ ਪੀ ਦਸਤਾਵੇਜ਼ ਨੂੰ ਜੋੜ ਦਿੱਤਾ ਅਤੇ ਇਹ ਜੇਈਡੀਪੀ ਦਸਤਾਵੇਜ਼ ਬਣ ਗਿਆ। ਇਹ ਦਾਅਵਾ ਕਰਨਾ ਕਿ ਇਹ ਪ੍ਰਕਿਰਿਆ ਹੋਈ ਸੀ ਇਹ ਸਵੀਕਾਰ ਕਰਨਾ ਹੈ ਕਿ ਇਨ੍ਹਾਂ ਸੰਪਾਦਕਾਂ ਨੇ ਨਾ ਸਿਰਫ ਅਸਲੀ ਸਮੱਗਰੀ ਵਿਚ ਸਿਲਸਲੇਵਾਰ ਦਸਤਾਵੇਜ਼ਾਂ ਨੂੰ ਜੋੜਿਆ ਜਿਵੇਂ-ਜਿਵੇਂ ਇਹ ਉਨ੍ਹਾਂ ਨੂੰ ਮਿਲਦੇ ਗਏ, ਪਰ ਉਨ੍ਹਾਂ ਨੇ ਉਨ੍ਹਾਂ ਦੇ ਆਪਣੇ ਖਾਸ ਪੱਖਪਾਤਾਂ ਅਤੇ ਉਦੇਸ਼ਾਂ ਅਨੁਸਾਰ ਸਮੁੱਚੇ ਪੰਚਗ੍ਰੰਥ ਤੇ ਦੁਬਾਰਾ ਕੰਮ ਵੀ ਕੀਤਾ। ਫਿਰ, ਆਖ਼ਰੀ ਨਤੀਜਾ, ਚਾਰਾਂ ਦਸਤਾਵੇਜ਼ਾਂ ਦਾ ਨਾਲੇ ਉਨ੍ਹਾਂ ਸੰਪਾਦਕਾਂ ਦੇ ਯੋਗਦਾਨਾਂ ਦਾ ਜਿਨ੍ਹਾਂ ਨੇ ਦਸਤਾਵੇਜ਼ਾਂ ਨੂੰ ਇਕੱਠਾ ਕੀਤਾ ਸੁਮੇਲ ਹੋਵੇਗਾ।

ਇਹ ਦਸਤਾਵੇਜ਼ੀ ਧਾਰਣਾ ਦਾ ਇਕ ਵਰਣਨ ਹੈ ਜਦੋਂ ਇਹ ਉੱਨੀਵੀਂ ਸਦੀ ਦੇ ਅੰਤ ਵਿਚ ਜੂਲੀਅਸ ਵੈਲਹਾਉਸਨ ਦੁਆਰਾ ਇਸ ਦੀ ਸਰੇਸ਼ਠ ਰਚਨਾ ਤੇ ਪਹੁੰਚਿਆ। ਉਦੋਂ ਤੋਂ, ਵਿਦਵਾਨਾਂ ਨੇ ਅਸਲੀ ਸਿਧਾਂਤ ਵਿਚ ਕੁਝ ਸੋਧਾਂ ਦਾ ਸੁਝਾਅ ਦਿੱਤਾ ਹੈ। ਫਿਰ ਵੀ, ਇਹ ਕਹਿਣਾ ਸੁਰੱਖਿਅਤ ਹੈ ਕਿ ਜ਼ਿਆਦਾਤਰ ਉਦਾਰਵਾਦੀ ਵਿਦਵਾਨ[6] ਦਸਤਾਵੇਜ਼ੀ ਧਾਰਣਾ ਦੇ ਕਿਸੇ ਨਾ ਕਿਸੇ ਰੂਪ ਨੂੰ

ਸਵੀਕਾਰ ਕਰਦੇ ਹਨ, ਭਾਵੇਂ ਕਿ ਉਹ ਚਾਰੇ ਸ੍ਰੋਤਾਂ (ਜੇਈਡੀਪੀ) ਦੇ ਅਸਲੀ ਸੰਸਕਰਣ ਨੂੰ ਸਵੀਕਾਰ ਨਹੀਂ ਕਰਦੇ।

ਜਿਹੜੇ ਦਸਤਾਵੇਜ਼ੀ ਧਾਰਣਾ ਨੂੰ ਕਬੂਲ ਕਰਦੇ ਹਨ ਮੰਨਦੇ ਹਨ ਕਿ ਉਨ੍ਹਾਂ ਨੂੰ ਕੂਚ ਦੀ ਪੁਸਤਕ ਵਿਚ ਚਾਰ ਦਸਤਾਵੇਜ਼ਾਂ ਵਿੱਚੋਂ ਤਿੰਨ ਦਸਤਾਵੇਜ਼ਾਂ ਦੇ ਨਿਸ਼ਾਨ ਮਿਲਦੇ ਹਨ ਜਿਨ੍ਹਾਂ ਤੋਂ ਪੰਚਗ੍ਰੰਥ ਲਿਖਿਆ ਗਿਆ ਸੀ। ਫਿਰ, ਕਿਉਂ ਅਸੀਂ ਦਸਤਾਵੇਜ਼ੀ ਧਾਰਣਾ ਨੂੰ ਰੱਦ ਅਤੇ ਮੂਸਾ ਦੇ ਲੇਖਕ ਹੋਣ ਦੀ ਗੱਲ ਨੂੰ ਸਵੀਕਾਰ ਕਰਾਂਗੇ?[7]

*ਪਹਿਲੀ ਗੱਲ, ਦਸਤਾਵੇਜ਼ੀ ਧਾਰਣਾ ਦੇ ਲਈ ਸਬੂਤ ਦਮਦਾਰ ਨਹੀਂ ਹੈ।* ਉਦਾਹਰਣ ਦੇ ਲਈ, ਦਸਤਾਵੇਜ਼ੀ ਧਾਰਣਾ ਦੇ ਸਮਰਥਕ ਦਾਅਵਾ ਕਰਦੇ ਹਨ ਕਿ ਪਰਮੇਸ਼ੁਰ ਦੇ ਲਈ ਵੱਖ-ਵੱਖ ਨਾਵਾਂ ਦੀ ਵਰਤੋਂ ਵੱਖ-ਵੱਖ ਸ੍ਰੋਤਾਂ ਦਾ ਸਬੂਤ ਪ੍ਰਦਾਨ ਕਰਦੀ ਹੈ। ਉਤਪਤ 1 ਵਿਚ ਪਰਮੇਸ਼ੁਰ ਦੇ ਲਈ "ਇਲੋਹਿਮ" ਨਾਮ ਵਰਤਿਆ ਗਿਆ ਹੈ; ਉਤਪਤ 2 ਵਿਚ, ਮੁੱਖ ਤੌਰ ਤੇ "ਯਾਹਵੇਹ ਇਲੋਹਿਮ" ("ਯਹੋਵਾਹ ਪਰਮੇਸ਼ੁਰ") ਵਰਤਿਆ ਗਿਆ ਹੈ। ਪਰ, ਵੱਖ-ਵੱਖ ਰੱਬੀ ਨਾਵਾਂ ਦੀ ਵਰਤੋਂ ਇਹ ਦੱਸਦੀ ਹੈ ਕਿ ਲੇਖਕ ਨੇ ਪਰਮੇਸ਼ੁਰ ਦਾ ਹਵਾਲਾ ਦੇਣ ਦੇ ਲਈ ਵੱਖ-ਵੱਖ ਨਾਵਾਂ ਦੀ ਵਰਤੋਂ ਕਰਨਾ ਚੁਣਿਆ ਸੀ। ਉਸ ਨੇ ਇਕ ਸੰਦਰਭ ਵਿਚ ਕਿਸੇ ਅਰਥ ਨਾਲ ਇਕ ਨਾਮ ਦਾ ਅਤੇ ਦੂਜੇ ਸੰਦਰਭ ਵਿਚ ਇਕ ਵੱਖਰੇ ਅਰਥ ਨਾਲ ਨਾਮ ਦਾ ਸਮਰਥਨ ਕੀਤਾ ਹੋਵੇਗਾ। ਸ਼ਾਇਦ "ਯਾਹਵੇਹ" ਨਾਮ ਵਰਤਿਆ ਗਿਆ ਸੀ ਜਦੋਂ ਰਚਨਾ ਨਾਲ, ਮਨੁੱਖਜਾਤੀ ਨਾਲ, ਜਾਂ ਵਿਸ਼ੇਸ਼ ਕਰਕੇ ਇਸਰਾਏਲ ਨਾਲ ਉਸ ਦੇ ਰਿਸ਼ਤੇ ਵਿਚ ਪਰਮੇਸ਼ੁਰ ਦੇ ਬਾਰੇ ਸੋਚਿਆ ਗਿਆ ਸੀ। "ਯਾਹਵੇਹ" ਪਰਮੇਸ਼ੁਰ ਦਾ ਖਾਸ ਨੇਮ ਵਾਲਾ ਨਾਮ ਹੈ।

ਜਿਹੜੇ ਦਸਤਾਵੇਜ਼ੀ ਧਾਰਣਾ ਨੂੰ ਸਵੀਕਾਰ ਕਰਦੇ ਹਨ "ਜੋੜਿਆਂ" ਦੀ ਮੌਜੂਦਗੀ ਨੂੰ ਨੋਟ ਕਰਦੇ ਹਨ - ਇੱਕੋ ਕਹਾਣੀ ਦੋ ਵਾਰ ਵੱਖ-ਵੱਖ ਵੇਰਵਿਆਂ ਨਾਲ ਦੱਸੀ ਗਈ ਹੈ। ਉਦਾਹਰਣ ਦੇ ਲਈ, ਅਬਰਾਹਾਮ ਨੇ ਆਪਣੀ ਪਤਨੀ ਬਾਰੇ ਦੋ ਵਾਰ ਝੂਠ ਬੋਲਿਆ ਸੀ (ਉਤਪਤ 12:10-16; 20:1-18) ਅਤੇ ਇਸਹਾਕ ਨੇ ਆਪਣੀ ਪਤਨੀ ਬਾਰੇ ਝੂਠ ਬੋਲਿਆ ਸੀ (ਉਤਪਤ 26:6-11)। ਇਸ ਸਿਧਾਂਤ ਦਾ ਮੰਨਣਾ ਹੈ ਕਿ ਇਹ ਸਿਰਫ ਵੱਖ-ਵੱਖ ਦਸਤਾਵੇਜ਼ਾਂ ਵਿਚ ਪਾਈ ਜਾਣ ਵਾਲੀ ਇੱਕੋ ਕਹਾਣੀ ਦੇ ਫ਼ਰਕ ਹਨ। ਪਰ, ਹੋਰ ਵਿਆਖਿਆਵਾਂ ਸੰਭਵ ਹਨ। ਜੇਕਰ ਅਬਰਾਹਾਮ ਨੇ ਇੱਕ ਵਾਰ ਝੂਠ ਬੋਲਣ ਤੋਂ ਫਾਇਦਾ ਉਠਾਇਆ ਸੀ, ਉਸ ਨੇ ਸੰਭਵ ਤੌਰ ਤੇ ਦੂਜੀ ਵਾਰ ਬੋਲਣਾ ਸੀ। ਇਸ ਤੋਂ ਇਲਾਵਾ, ਇਸਹਾਕ ਨੇ ਆਪਣੇ ਪਿਤਾ ਦੇ ਵਿਹਾਰ ਤੋਂ ਸਬਕ ਸਿੱਖਿਆ ਹੋਵੇਗਾ। ਐਂਡਰਸਨ ਦੁਆਰਾ ਜਿਨ੍ਹਾਂ ਦੁਹਰਾਈਆਂ ਗੱਲਾਂ, ਅਨਿਯਮਤਤਾਵਾਂ ਅਤੇ ਫ਼ਰਕਾਂ ਦਾ ਜ਼ਿਕਰ ਕੀਤਾ ਗਿਆ ਹੈ ਜਾਂ ਤਾਂ ਮੌਜੂਦ ਹੀ ਨਹੀਂ ਹਨ ਜਾਂ ਉਨ੍ਹਾਂ ਦੀ ਅਸਾਨੀ ਨਾਲ ਵਿਆਖਿਆ ਹੁੰਦੀ ਹੈ।

ਦਸਤਾਵੇਜ਼ੀ ਧਾਰਣਾ ਦਾ ਸਮਰਥਨ ਕਰਨ ਵਾਲੇ ਇਹ ਵੀ ਸੋਚਦੇ ਹਨ ਕਿ ਉਨ੍ਹਾਂ ਨੂੰ ਪੰਚਗ੍ਰੰਥ ਵਿਚ ਮਿਤੀ ਜਾਂ ਸਮੇਂ ਦੀ ਅਸ਼ੁੱਧਤਾ ਮਿਲਦੀ ਹੈ - ਜੋ ਇਹ ਇਸ਼ਾਰਾ ਕਰਦੀ ਹੈ ਕਿ ਇਹ ਬਾਅਦ ਦੀ ਮਿਤੀ ਵਿਚ ਲਿਖੀ ਗਈ ਹੋਵੇਗੀ ਅਤੇ ਮੂਸਾ ਦੁਆਰਾ ਨਹੀਂ ਲਿਖੀ ਗਈ ਹੋ ਸਕਦੀ। ਇਕ ਉਦਾਹਰਣ ਜੋ ਦਿੱਤੀ ਗਈ ਹੈ ਉਹ ਊਠਾਂ ਦੀ ਹੈ, ਜਿਨ੍ਹਾਂ ਦਾ ਉਤਪਤ ਵਿਚ ਅਕਸਰ ਜ਼ਿਕਰ ਕੀਤਾ ਗਿਆ ਹੈ (ਜਿਵੇਂ ਕਿ 12:16; 24:10 ਵਿਚ), ਅਬਰਾਹਾਮ ਦੇ ਸਮੇਂ ਤੱਕ ਊਠ ਪਾਲਤੂ ਜਾਨਵਰਾਂ ਦੀ ਤਰ੍ਹਾਂ ਨਹੀਂ ਸੀ ਰੱਖੇ ਜਾਂਦੇ। ਇਕ ਹੋਰ ਦਾਅਵਾ ਇਹ ਹੈ ਕਿ ਫਲਿਸਤੀਨੀ, ਜਿਨ੍ਹਾਂ ਦਾ ਜ਼ਿਕਰ ਅਬਰਾਹਾਮ ਦੀ ਕਹਾਣੀ ਵਿਚ ਕੀਤਾ ਗਿਆ ਹੈ (ਉਤਪਤ 21:32) ਤੇਰ੍ਹਵੀ ਸਦੀ ਈਸਾ ਪੂਰਵ ਤੱਕ ਅਰਥਾਤ ਅਬਰਾਹਾਮ ਦੇ ਸਮੇਂ ਤੋਂ ਬਾਅਦ ਲੰਬੇ ਸਮੇਂ ਬਾਅਦ ਕਨਾਨ ਦੇ ਦੇਸ ਵਿਚ ਨਹੀਂ ਸੀ ਆਏ। ਆਲੋਚਕ ਦਾਅਵਾ ਕਰਦੇ ਹਨ ਕਿ ਊਠਾਂ ਅਤੇ ਫਲਿਸਤੀਨੀਆਂ ਦਾ ਜ਼ਿਕਰ ਇਹ ਇਸ਼ਾਰਾ ਕਰਦਾ ਹੈ ਕਿ ਕੂਚ ਦੀ ਪੁਸਤਕ ਦਾ ਲੇਖਕ ਉਨ੍ਹਾਂ ਘਟਨਾਵਾਂ ਨੂੰ ਲਿਖਣ ਤੋਂ ਬਾਅਦ ਕਾਫੀ ਲੰਬੇ

ਸਮੇਂ ਤੱਕ ਜੀਉਂਦਾ ਰਿਹਾ ਸੀ। ਅਜਿਹੇ ਲੇਖਕ ਨੇ ਕਹਾਣੀ ਦੇ ਵੇਰਵਿਆਂ ਨੂੰ ਰਚਿਆ ਹੋਵੇਗਾ। ਪਰ, ਆਲੋਚਕਾਂ ਦੁਆਰਾ ਪੇਸ਼ ਕੀਤਾ ਗਿਆ ਸਬੂਤ ਵਿਵਾਦ ਭਰਿਆ ਹੈ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਫਲਿਸਤੀਨੀ ਤੇਰ੍ਹਵੀਂ ਸਦੀ ਤੋਂ ਪਹਿਲਾਂ ਦੇਸ ਵਿਚ ਸਨ ਅਤੇ ਮੌਜੂਦਾ ਸਬੂਤ ਦੱਸਦਾ ਹੈ ਕਿ ਊਠਾਂ ਨੂੰ ਪਹਿਲਾਂ ਹੀ ਪਾਲਤੂ ਬਣਾਇਆ ਜਾ ਸਕਦਾ ਸੀ।[8] ਫਲਿਸਤੀਨੀਆਂ ਦੇ ਨਾਮ ਰੱਖਣ ਦੇ ਸੰਬੰਧ ਵਿਚ, ਇਹ ਸੰਭਵ ਹੈ ਕਿ ਬਾਅਦ ਵਾਲੇ ਲੇਖਕ ਨੇ ਉਨ੍ਹਾਂ ਲੋਕਾਂ ਦੇ ਨਾਮ ਲਿਖਣ ਦੁਆਰਾ ਲਿਖਤ ਨੂੰ ਨਵਾਂ ਬਣਾ ਦਿੱਤਾ ਸੀ ਜਿਹੜੇ ਉਸ ਦੇ ਸਮੇਂ ਵਿਚ ਉਸ ਇਲਾਕੇ ਵਿਚ ਰਹਿੰਦੇ ਸਨ।

ਦਸਤਾਵੇਜ਼ੀ ਧਾਰਣਾ ਦੇ ਲਈ ਹੋਰ ਦਲੀਲਾਂ ਦਾ ਵੀ ਇਸੇ ਤਰ੍ਹਾਂ ਵਰਣਨ ਕੀਤਾ ਜਾ ਸਕਦਾ ਹੈ। ਦਰਅਸਲ, ਦਿਲਚਸਪੀ ਨਾ ਰੱਖਣ ਵਾਲਾ ਨਿਰੀਖਕ ਇਹ ਸਿੱਟਾ ਕੱਢੇਗਾ ਕਿ ਸਿਰਫ ਇਕੋ ਚੀਜ਼ ਹੈ ਜੋ ਦਸਤਾਵੇਜ਼ੀ ਧਾਰਣਾ ਨੂੰ ਸਵੀਕਾਰ ਕਰਨ ਦੇ ਲਈ ਮਜਬੂਰ ਕਰਦੀ ਹੈ ਅਤੇ ਉਹ ਹੈ ਵਿਰੋਧੀ-ਅਲੌਕਿਕ ਭੇਦਭਾਵ। ਕੁਝ ਲੋਕਾਂ ਨੇ ਹਰੇਕ ਚੀਜ਼ ਦੇ ਲਈ ਕੁਦਰਤੀ ਵਿਆਖਿਆ ਨੂੰ ਲੱਭਣ ਦਾ ਦ੍ਰਿੜ੍ਹ ਫ਼ੈਸਲਾ ਕੀਤਾ ਹੁੰਦਾ ਹੈ ਜਿਸ ਦੇ ਵਿਚ ਟੋਰਾਹ ਵੀ ਸ਼ਾਮਲ ਹੈ।

*ਦੂਜੀ ਗੱਲ, ਸਾਡੇ ਕੋਲ ਇਹ ਵਿਸ਼ਵਾਸ ਕਰਨ ਦੇ ਚੰਗੇ ਕਾਰਣ ਹਨ ਕਿ ਮੂਸਾ ਪੰਚਗ੍ਰੰਥ ਦਾ ਲੇਖਕ ਹੈ।* ਇਨ੍ਹਾਂ ਕਾਰਣਾਂ ਵਿਚ ਸ਼ਾਮਲ ਹੈ: (1) ਲੰਬੀ ਪਰੰਪਰਾ ਜੋ ਪੰਚਗ੍ਰੰਥ ਨੂੰ ਮੂਸਾ ਦੇ ਨਾਵੇਂ ਲਾਉਂਦੀ ਹੈ; (2) ਇਹ ਤੱਥ ਕਿ ਮੂਸਾ ਦੇ ਬਾਰੇ ਇਹ ਕਿਹਾ ਗਿਆ ਹੈ ਕਿ ਪੰਚਗ੍ਰੰਥ ਵਿਚ ਉਹੀ ਲਿਖ ਰਿਹਾ ਹੈ; (3) ਨਵੇਂ ਨੇਮ ਦਾ ਸਬੂਤ, ਜਿਸ ਦੇ ਵਿਚ "ਸ਼ਰਾ" ਅਤੇ "ਮੂਸਾ" ਨੂੰ ਬਰਾਬਰ ਮੰਨਿਆ ਗਿਆ ਹੈ (ਯਿਸੂ ਦੁਆਰਾ ਵੀ; ਯੂਹੰਨਾ 5:46, 47) ਅਤੇ (4) ਇਹ ਤੱਥ ਕਿ ਮੂਸਾ ਦੇ ਕੋਲ ਸਮਾਂ, ਯੋਗਤਾ, ਸਿਖਲਾਈ ਅਤੇ ਪੰਚਗ੍ਰੰਥ ਲਿਖਣ ਦਾ ਕਾਰਣ ਸੀ। ਪੰਚਗ੍ਰੰਥ ਦੇ ਲੇਖਕ ਦੇ ਰੂਪ ਵਿਚ ਉਸ ਨੂੰ ਪਛਾਣਨ ਦੇ ਲਈ ਉਸ ਤੋਂ ਬਿਹਤਰ ਉਮੀਦਵਾਰ ਕੋਈ ਨਹੀਂ ਹੈ। ਇਹ ਤੱਥ ਕਿ ਕੂਚ ਦੀ ਪੁਸਤਕ ਅੱਨ ਪੁਰਖ ਵਿਚ ਮੂਸਾ ਦਾ ਹਵਾਲਾ ਦਿੰਦੀ ਹੈ ਮੂਸਾ ਦੇ ਲੇਖਕ ਹੋਣ ਨੂੰ ਅਸਵੀਕਾਰ ਨਹੀਂ ਕਰਦੀ ਕਿਉਂਕਿ ਹੋਰ ਪ੍ਰਾਚੀਨ ਲੇਖਕਾਂ ਨੇ ਆਪਣੇ ਆਪ ਬਾਰੇ ਅੱਨ ਪੁਰਖ ਵਿਚ ਲਿਖਿਆ ਸੀ।

ਕਿਉਂਕਿ ਦਸਤਾਵੇਜ਼ੀ ਧਾਰਣਾ ਨੂੰ ਸਵੀਕਾਰ ਕਰਨ ਦੇ ਦਮਦਾਰ ਕਾਰਣ ਨਹੀਂ ਹਨ, ਮੂਸਾ ਨੂੰ ਕੂਚ ਦੀ ਪੁਸਤਕ ਦਾ ਲੇਖਕ ਸਮਝਿਆ ਜਾਣਾ ਚਾਹੀਦਾ ਹੈ।

---

ਟਿੱਪਣੀਆਂ

[1]ਬਰਨਹਾਰਡ ਡਬਲਿਯੂ. ਐਂਡਰਸਨ, *ਅੰਡਰਸਟੈਂਡਿੰਗ ਦਿ ਓਲਡ ਟੈਸਟਾਮੈਂਟ*, ਤੀਜਾ ਸੋਧ (ਇੰਗਲਵੁਡ ਕਲਿਫਸ, ਨਿਊ ਜਰਸੀ: ਪਰੈਨਟਿਸ-ਹਾੱਲ, 1975), 18.[2]ਉਸੇ ਸਥਾਨ ਤੇ, 19. [3]ਉਸੇ ਸਥਾਨ ਤੇ।[4]ਉਸੇ ਸਥਾਨ ਤੇ, 21. [5]ਕਥਿਤ ਦਸਤਾਵੇਜ਼ਾਂ ਦਾ ਵਰਣਨ ਅਤੇ ਉਹ ਪ੍ਰਕਿਰਿਆ ਕਿ ਉਹ ਪੰਚਗ੍ਰੰਥ ਕਿਵੇਂ ਬਣੇ, ਦ *ਇੰਨਰਪਰਿਟਰਸ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਜੌਰਜ ਆਰਥਰ ਬਟਰਿਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1962), 1:860-61 ਤੇ ਡੇਵਿਡ ਨੋਏਲ ਫਰੀਡਮੈਨ, "ਡਾਕੂਮੈਂਟਸ" ਵਿਚ ਦਿੱਤਾ ਗਿਆ ਹੈ। [6]ਇੱਥੇ "ਉਦਾਰਵਾਦੀ" ਸ਼ਬਦ ਉਸ ਵਿਅਕਤੀ ਦਾ ਹਵਾਲਾ ਦੇਣ ਦੇ ਲਈ ਵਰਤਿਆ ਗਿਆ ਹੈ ਜਿਹੜਾ ਪਵਿੱਤਰ ਵਚਨ ਦੀ ਪ੍ਰੇਰਣਾ ਬਾਰੇ ਕਮਜ਼ੋਰ ਵਿਚਾਰ ਰੱਖਦਾ ਹੈ ਅਤੇ ਇਸ ਲਈ ਬਾਈਬਲ ਦੀ ਜ਼ੁਬਾਨੀ ਪ੍ਰੇਰਣਾ ਅਤੇ ਤਰੁੱਟੀਹੀਣਤਾ, ਚਮਤਕਾਰਾਂ ਦੀ ਅਸਲੀਅਤ ਅਤੇ ਯਿਸੂ ਦੀ ਈਸ਼ਵਰਤਾਈ (ਕੁਆਰੀ ਦੁਆਰਾ ਜਨਮ, ਚਮਤਕਾਰਾਂ ਅਤੇ ਮਸੀਹ ਦੇ ਜੀ ਉੱਠਣ ਤੇ ਸਵਾਲ ਉਠਾਉਣ ਸਮੇਤ) ਤੇ ਸੰਦੇਹ ਕਰਦਾ ਹੈ। [7]ਹੇਠ ਲਿਖੀਆਂ ਦਲੀਲਾਂ ਅਤੇ ਹੋਰ ਦਲੀਲਾਂ ਗਲੀਸਨ ਐਲ. ਆਰਚਰ ਦੀ ਪੁਸਤਕ *ਏ ਸਰਵੇ ਆਫ਼ ਓਲਡ ਟੈਸਟਾਮੈਂਟ ਇੰਟਰੋਡਕਸ਼ਨ*, ਸੋਧ ਅਤੇ ਵਿਸਤਾਰ (ਸ਼ਿਕਾਗੋ: ਮੂਡੀ ਪ੍ਰੈਸ, 1994) ਵਿਚ ਸਫ਼ੇ 113-40 ਤੇ ਮਿਲ ਸਕਦੀਆਂ ਹਨ। [8]ਉਸੇ ਸਥਾਨ ਤੇ, 180-81.

## ਅਧਿਐਨ 2

# ਕੂਚ ਦੀ ਪੁਸਤਕ ਦੀ ਮਿਤੀ

ਸਗੋਂ ਉਨ੍ਹਾਂ ਲੋਕਾਂ ਵਿਚ ਵੀ ਜਿਨ੍ਹਾਂ ਦਾ ਮੰਨਣਾ ਹੈ ਕਿ ਕੂਚ ਦੀ ਪੁਸਤਕ ਵਿਚ ਲਿਖੀਆਂ ਗਈਆਂ ਘਟਨਾਵਾਂ ਸੱਚਮੁੱਚ ਵਾਪਰੀਆਂ ਸਨ - ਇਹ ਕਿ ਮੂਸਾ ਇਕ ਅਸਲੀ ਵਿਅਕਤੀ ਸੀ ਅਤੇ ਇਹ ਕਿ ਕੂਚ ਇਕ ਇਤਿਹਾਸਕ ਘਟਨਾ ਸੀ - ਹਾਲੇ ਵੀ ਕੂਚ ਦੀ ਮਿਤੀ ਬਾਰੇ ਕਈ ਸਵਾਲ ਹਨ। ਬਹੁਤ ਸਾਰੀਆਂ ਮਿਤੀਆਂ ਦਾ ਪ੍ਰਸਤਾਵ ਰੱਖਿਆ ਜਾ ਚੁੱਕਾ ਹੈ। ਆਰਚਬਿਸ਼ਪ ਅੱਸ਼ਰ ਦੇ ਹਿਸਾਬ ਅਨੁਸਾਰ, ਕੂਚ 1491 ਈਸਾ ਪੂਰਵ ਵਿਚ ਹੋਇਆ ਸੀ।[1] 20ਵੀਂ ਸਦੀ ਦੇ ਸ਼ੁਰੂ ਵਿਚ, ਸੀ. ਆਰ. ਕੋਨਡਰ ਨੇ ਕਿਹਾ ਕਿ ਕੂਚ ਦੀ ਮਿਤੀ 1520 ਈਸਾ ਪੂਰਵ ਸੀ।[2] ਹਾਲ ਹੀ ਵਿਚ ਜੌਨ ਜੇ. ਬਿਮਸਨ ਦੁਆਰਾ ਇਕ ਪ੍ਰਸਤਾਵ ਇਹ ਦੱਸਦਾ ਸੀ ਕਿ ਕੂਚ ਦੀ ਪੁਸਤਕ ਦੀ ਮਿਤੀ 1470 ਈਸਾ ਪੂਰਵ ਸੀ।[3] ਪਰ, ਜ਼ਿਆਦਾਤਰ ਵਿਦਵਾਨ ਦੋ ਹੋਰ ਮਿਤੀਆਂ ਵਿੱਚੋਂ ਇਕ ਦਾ ਸਮਰਥਨ ਕਰਦੇ ਹਨ।

ਮਿਤੀਆਂ ਵਿੱਚੋਂ ਇਕ ਮਿਤੀ ਜਿਸ ਨੂੰ ਵਿਆਪਕ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ ਉਹ 1290 ਈਸਾ ਪੂਰਵ (ਬਾਅਦ ਵਾਲੀ ਮਿਤੀ) ਹੈ। ਇਹ ਮਿਤੀ ਕਾਫੀ ਹੱਦ ਤੱਕ ਪੁਰਾਤੱਤਵ ਖੋਜਾਂ ਤੇ ਆਧਾਰਿਤ ਸੀ। ਮਰਨੇਪਟਾਹ ਸਟੇਲਾ, ਜਿਹੜਾ ਕਿ ਇਸ ਦੀ ਮਿਤੀ 1220 ਈਸਾ ਪੂਰਵ ਦੇ ਲਗਭਗ ਦੱਸਦਾ ਹੈ, ਇਹ ਇਸ਼ਾਰਾ ਕਰਦਾ ਹੈ ਕਿ ਇਸਰਾਏਲ ਇਕ ਕੌਮ ਦੇ ਰੂਪ ਵਿਚ ਉਸ ਸਮੇਂ ਕਨਾਨ ਦੇ ਦੇਸ ਵਿਚ ਸੀ। ਇਸ ਲਈ, ਉਹ ਉਸ ਸਮੇਂ ਤੋਂ ਪਹਿਲਾਂ ਦੇਸ ਵਿਚ ਆਏ ਹੋਣਗੇ। ਬਹੁਤ ਸਾਰੀਆਂ ਪੁਰਾਤੱਤਵ ਥਾਵਾਂ ਨੇ ਵਿਆਪਕ ਨਾਸ ਦਾ ਸਬੂਤ ਵਿਆਖਿਆ ਹੈ ਜੋ ਕਿ ਲਗਭਗ 1250 ਈਸਾ ਪੂਰਵ ਵਿਚ ਹੋਇਆ ਸੀ। ਇਸ ਦੀ ਵਿਆਖਿਆ ਯਹੋਸ਼ੁਆ ਅਧੀਨ ਇਸਰਾਏਲੀਆਂ ਦੁਆਰਾ ਕਨਾਨ ਦੀ ਜਿੱਤ ਦੇ ਸਬੂਤ ਵਿਚ ਕੀਤੀ ਗਈ ਹੈ। ਅਜਿਹਾ ਸਬੂਤ ਮਰਨੇਪਟਾਹ ਸਟੇਲਾ ਦੇ ਅਨੁਸਾਰ ਹੈ ਅਤੇ ਇਹ 1220 ਈਸਾ ਪੂਰਵ ਤੋਂ ਪਹਿਲਾਂ ਇਸਰਾਏਲ ਨੂੰ ਕਨਾਨ ਵਿਚ ਰੱਖਦਾ ਹੈ।

ਜੇਕਰ ਇਸਰਾਏਲੀਆਂ ਨੇ ਲਗਭਗ 1250 ਈਸਾ ਪੂਰਵ ਵਿਚ ਕਨਾਨ ਤੇ ਫਤਹਿ ਪਾਈ ਸੀ, ਤਾਂ ਉਸ ਤੋਂ ਪਹਿਲਾਂ ਚਾਲ੍ਹੀ ਸਾਲ ਗਿਣਨ ਨਾਲ ਕੂਚ ਦੀ ਮਿਤੀ 1290 ਈਸਾ ਪੂਰਵ ਹੋਵੇਗੀ। ਉਹ ਮਿਤੀ ਹੋਰ ਕਾਰਣਾਂ ਦੇ ਲਈ ਸੰਭਵ ਪ੍ਰਤੀਤ ਹੁੰਦੀ ਹੈ। ਮਿਸਰ ਵਿਚ ਇਸਰਾਏਲੀਆਂ ਦੀ ਗੁਲਾਮੀ ਦੌਰਾਨ ਉਨ੍ਹਾਂ ਦੁਆਰਾ ਬਣਾਏ ਗਏ ਗੋਦਾਮਾਂ ਵਾਲੇ ਸ਼ਹਿਰਾਂ ਵਿੱਚੋਂ ਇਕ ਨੂੰ ਰਾਮਸੇਸ ਕਿਹਾ ਜਾਂਦਾ ਸੀ ਅਤੇ ਰਾਮਸੇਸ II[4] ਨੇ ਲਗਭਗ 1290 ਈਸਾ ਪੂਰਵ ਮਿਸਰ ਦੇ ਫ਼ਿਰਊਨ ਦੇ ਰੂਪ ਵਿਚ ਆਪਣਾ ਰਾਜ ਸ਼ੁਰੂ ਕੀਤਾ ਸੀ।

ਇਸ ਤੋਂ ਇਲਾਵਾ, ਬਾਈਬਲ ਦੇ ਅਨੁਸਾਰ, ਇਸਰਾਏਲੀਆਂ ਨੇ ਉਜਾੜ ਵਿਚ ਉਨ੍ਹਾਂ ਦੇ ਸਾਲਾਂ ਦੌਰਾਨ ਖ਼ਤਰਨਾਕ ਵਿਰੋਧੀਆਂ ਦਾ ਸਾਹਮਣਾ ਕੀਤਾ ਸੀ। ਪੁਰਾਤੱਤਵ ਸਰਵੇਖਣਾਂ ਨੇ ਸੁਝਾਅ ਦਿੱਤਾ ਹੈ ਕਿ ਉਹ ਇਲਾਕੇ ਜਿਨ੍ਹਾਂ ਦੇ ਵਿੱਚੋਂ ਦੀ ਇਸਰਾਏਲੀ ਮਿਸਰ ਤੋਂ ਕਨਾਨ ਨੂੰ ਸਫ਼ਰ ਕਰਕੇ ਗਏ ਸਨ ਪੰਦਰਵੀਂ ਸਦੀ ਈਸਾ ਪੂਰਵ ਵਿਚ ਵੀਰਾਨ ਸਨ ਪਰ ਤੇਰ੍ਹਵੀਂ ਸਦੀ ਈਸਾ ਪੂਰਵ ਵਿਚ ਵੱਸਦੇ ਸਨ। ਫਿਰ, ਕੂਚ, ਸੰਭਵ ਤੌਰ ਤੇ ਪੰਦਰਾਂ ਦੀ ਬਜਾਇ ਤੇਰ੍ਹਵੀਂ ਸਦੀ ਵਿਚ ਹੋਇਆ ਸੀ।

1290 ਈਸਾ ਪੂਰਵ ਦੀ ਵਿਕਲਪਕ ਮਿਤੀ 1 ਰਾਜਿਆਂ 6:1 ਵਿਚ ਕਥਨ ਤੇ ਆਧਾਰਿਤ ਹੈ, ਜਿਹੜੀ ਕੂਚ ਨੂੰ ਸੁਲੇਮਾਨ ਦੁਆਰਾ ਹੈਕਲ ਨੂੰ ਸੰਪੂਰਣ ਕਰਨ ਤੋਂ 480 ਸਾਲ ਪਹਿਲਾਂ ਰੱਖਦੀ ਹੈ:

> ਇਸਰਾਏਲੀਆਂ ਦੇ ਮਿਸਰ ਦੇਸ ਵਿੱਚੋਂ ਬਾਹਰ ਆਉਣ ਤੋਂ ਬਾਅਦ ਚਾਰ ਸੌ ਅੱਸੀਵੇਂ ਸਾਲ ਵਿਚ, ਇਸਰਾਏਲ ਤੇ ਸੁਲੇਮਾਨ ਦੇ ਰਾਜ ਦੇ ਚੌਥੇ ਸਾਲ ਵਿਚ, ਜ਼ਿਵ ਦੇ ਮਹੀਨੇ ਵਿਚ, ਜੋ ਕਿ ਦੂਜਾ ਮਹੀਨਾ ਹੈ, ਉਸ ਨੇ ਯਹੋਵਾਹ ਦੇ ਭਵਨ ਨੂੰ ਬਣਾਉਣਾ ਸ਼ੁਰੂ ਕੀਤਾ ਸੀ।

ਜੇਕਰ ਹੈਕਲ ਲਗਭਗ 965 ਈਸਾ ਪੂਰਵ ਵਿਚ ਬਣਾਈ ਗਈ ਸੀ, ਜਿਵੇਂ ਕਿ ਆਮ ਤੌਰ ਤੇ ਅੰਦਾਜ਼ਾ ਲਗਾਇਆ ਜਾਂਦਾ ਹੈ, ਤਾਂ ਕੂਚ ਲਗਭਗ 1445 ਈਸਾ ਪੂਰਵ (ਪਹਿਲਾਂ ਦੀ ਮਿਤੀ)[5] ਵਿਚ ਹੋਇਆ ਅਤੇ ਫਤਹਿ ਲਗਭਗ 1405 ਈਸਾ ਪੂਰਵ ਵਿਚ ਹੋਈ ਸੀ। ਨਿਆਈਆਂ 11:26 ਵਿਚ ਯਿਫ਼ਤਾਹ ਨੇ ਆਖਿਆ ਸੀ ਕਿ ਇਸਰਾਏਲ ਨੇ ਅੰਮੋਨ ਦੇ ਇਲਾਕੇ ਤੇ ਉਸ ਦੇ ਸਮੇਂ ਤੋਂ ਤਿੰਨ ਸੌ ਵਰਹੇ ਪਹਿਲਾਂ ਫਤਹਿ ਪਾਈ ਸੀ। ਇਸ ਅਨੁਸਾਰ ਫਤਹਿ ਦੀ ਮਿਤੀ ਲਗਭਗ 1400 ਈਸਾ ਪੂਰਵ ਹੋਵੇਗੀ, ਕਿਉਂਕਿ ਯਿਫ਼ਤਾਹ ਲਗਭਗ 1100 ਈਸਾ ਪੂਰਵ ਤੱਕ ਜੀਉਂਦਾ ਰਿਹਾ ਅਤੇ ਕੂਚ ਦੀ ਮਿਤੀ ਨੂੰ ਲਗਭਗ 1440 ਈਸਾ ਪੂਰਵ ਵਿਚ ਰੱਖਦਾ ਹੈ। ਇਸ ਤੋਂ ਇਲਾਵਾ, ਹਾਲਾਂਕਿ ਪੰਦਰਾਂ ਸਦੀ ਈਸਾ ਪੂਰਵ ਵਿਚ ਹਾਮਸੇਸ ਫ਼ਿਰਊਨ ਨਹੀਂ ਸੀ, "ਰਾਮਸੇਸ" ਨਾਮ ਉਸ ਤੋਂ ਪਹਿਲਾਂ ਜਾਣਿਆ ਗਿਆ ਅਤੇ ਦੇਸ ਦੇ ਉਸ ਹਿੱਸੇ ਦੇ ਲਈ ਵਰਤਿਆ ਗਿਆ ਸੀ ਜਿੱਥੇ ਯਾਕੂਬ ਆਪਣੇ ਪਰਿਵਾਰ ਨਾਲ ਵੱਸ ਗਿਆ ਸੀ ਜਦੋਂ ਉਹ ਉਨ੍ਹਾਂ ਨੂੰ ਮਿਸਰ ਵੱਲ ਲੈ ਗਿਆ (ਉਤਪਤ 47:11)। ਜਿਹੜੇ 1445 ਈਸਾ ਪੂਰਵ ਦੀ ਮਿਤੀ ਨੂੰ ਮੰਨਦੇ ਹਨ ਜ਼ੋਰ ਦਿੰਦੇ ਹਨ ਕਿ 1290 ਈਸਾ ਪੂਰਵ ਦੀ ਬਾਅਦ ਵਾਲੀ ਮਿਤੀ ਦੇ ਲਈ ਦਲੀਲਾਂ ਅਢੁੱਕਵੇਂ, ਪੁਰਾਣੇ, ਜਾਂ ਗਲਤ ਸਬੂਤ ਤੇ ਆਧਾਰਿਤ ਹਨ।

ਜਿਨ੍ਹਾਂ ਨੇ ਅਸਲ ਵਿਚ ਕੂਚ ਦੀ ਮਿਤੀ ਦਾ 1290 ਈਸਾ ਪੂਰਵ ਵਜੋਂ ਹਿਸਾਬ ਲਗਾਇਆ ਸੀ ਬਾਈਬਲ ਦੀ ਇਤਿਹਾਸਕ ਸ਼ੁੱਧਤਾ ਦਾ ਬਹੁਤ ਆਦਰ ਕਰਦੇ ਹਨ। ਉਨ੍ਹਾਂ ਨੇ 1 ਰਾਜਿਆਂ 6:1 ਦਾ ਕਿਵੇਂ ਵਰਣਨ ਕੀਤਾ ਸੀ? ਉਨ੍ਹਾਂ ਨੇ ਸੁਝਾਅ ਦਿੱਤਾ ਸੀ ਕਿ ਪੁਰਾਣੇ ਨੇਮ ਵਿਚ ਅੰਕਾਂ ਨੂੰ ਹਮੇਸ਼ਾ ਸ਼ਾਬਦਿਕ ਤੌਰ ਤੇ ਨਹੀਂ ਲਿਆ ਜਾਣਾ ਚਾਹੀਦਾ, ਪਰ ਕਈ ਵਾਰ ਉਨ੍ਹਾਂ ਨੂੰ ਚਿੰਨ੍ਹਾਂ ਦੇ ਰੂਪ ਵਿਚ ਇਸਤੇਮਾਲ ਕੀਤਾ ਜਾਂਦਾ ਹੈ - ਅਰਥਾਤ, ਇਹ ਕਿ ਉਹ ਧਾਰਣਾਵਾਂ ਨੂੰ ਦਰਸਾਉਂਦੇ ਹਨ। ਉਨ੍ਹਾਂ ਨੇ "ਚਾਲ੍ਹੀ ਸਾਲਾਂ" ਦੀ ਇਕ ਪੀੜ੍ਹੀ ਦੇ ਰੂਪ ਵਿਚ ਵਿਆਖਿਆ ਕੀਤੀ ਸੀ। ਜਿਵੇਂ ਇਸਰਾਏਲੀ ਤਦ ਤੱਕ "ਚਾਲ੍ਹੀ ਸਾਲਾਂ" ਦੇ ਲਈ ਉਜਾੜ ਵਿਚ ਭਟਕਦੇ ਰਹੇ, ਜਦੋਂ ਤੱਕ ਇਕ ਪੂਰੀ ਪੀੜ੍ਹੀ ਨਹੀਂ ਮਰ ਗਈ, ਸੋ 1 ਰਾਜਿਆਂ 6:1 ਦੀ ਵਿਆਖਿਆ ਇਹ ਕੀਤੀ ਗਈ ਹੈ ਕਿ ਇਹ ਸ਼ਾਬਦਿਕ 480 ਸਾਲਾਂ ਦੀ ਬਜਾਇ ਬਾਰ੍ਹਾਂ ਪੀੜ੍ਹੀਆਂ ਦੀ ਗੱਲ ਕਰਦੀ ਹੈ। ਪਰ, ਇਕ ਪੀੜ੍ਹੀ ਸੰਭਵ ਤੌਰ ਤੇ ਚਾਲ੍ਹੀ ਸਾਲਾਂ ਦੀ ਬਜਾਇ ਪੰਝੀ ਸਾਲਾਂ ਦੀ ਹੋਣੀ ਸੀ। ਜੇਕਰ ਅਸੀਂ ਬਾਰ੍ਹਾਂ ਪੀੜ੍ਹੀਆਂ ਨੂੰ ਗਿਣੀਏ ਅਤੇ ਹਰੇਕ ਪੀੜ੍ਹੀ ਔਸਤ ਪੰਝੀ ਸਾਲਾਂ ਦੀ ਹੋਵੇ, ਕੁੱਲ ਸਮਾਂ ਸ਼ਾਬਦਿਕ 480 ਸਾਲਾਂ ਨੂੰ ਨਹੀਂ ਸੀ ਦਰਸਾਉਂਦਾ, ਪਰ ਲਗਭਗ ਤਿੰਨ ਸੌ ਸਾਲਾਂ ਨੂੰ ਦਰਸਾਉਂਦਾ ਸੀ। ਜੇਕਰ ਅਸੀਂ ਇਨ੍ਹਾਂ ਸਾਲਾਂ ਨੂੰ 960 ਈਸਾ ਪੂਰਵ ਨਾਲ ਜੋੜ ਦੇਈਏ, ਨਤੀਜਾ 1260 ਈਸਾ ਪੂਰਵ ਹੈ, ਜੋ ਕਿ ਇਸ ਆਇਤ ਦੀਆਂ ਸ਼ਰਤਾਂ ਅਤੇ ਪੁਰਾਤੱਤਵ ਸਬੂਤ ਨੂੰ ਸੰਤੁਸ਼ਟ ਕਰਨ ਦੇ ਲਈ 1290 ਦੇ ਨੇੜੇ ਹੈ।

ਕੂਚ ਦੀ ਮਿਤੀ ਸੰਬੰਧੀ ਦਲੀਲਾਂ ਅਧੂਰੀਆਂ ਅਤੇ ਹਨ ਅਤੇ ਇਕ ਦੂਜੇ ਨੂੰ ਰੱਦ ਕਰਦੀਆਂ ਹਨ।[6] ਇਹ ਦੋਵੇਂ ਮੁੱਖ ਵਿਕਲਪ, 1290 ਈਸਾ ਪੂਰਵ ਅਤੇ 1445 ਈਸਾ ਪੂਰਵ, ਕੁਝ ਰੂੜ੍ਹੀਵਾਦੀਆਂ (ਲੋਕ ਜਿਹੜੇ ਬਾਈਬਲ ਦੀ ਪ੍ਰੇਰਣਾ ਵਿਚ ਪੂਰੀ ਤਰ੍ਹਾਂ ਵਿਸ਼ਵਾਸ ਕਰਦੇ ਹਨ) ਦੁਆਰਾ ਸਵੀਕਾਰ ਕੀਤੇ ਗਏ ਹਨ। ਉਨ੍ਹਾਂ ਦੇ ਲਈ ਜਿਹੜੇ ਬਾਈਬਲ ਦੀ ਪ੍ਰੇਰਣਾ ਨੂੰ ਸਵੀਕਾਰ ਨਹੀਂ ਕਰਦੇ, ਕੂਚ ਦੀ ਪੁਸਤਕ ਦੀ ਮਿਤੀ ਤੇ ਚਰਚਾ ਅਢੁੱਕਵੀਂ ਹੈ।

ਮਸੀਹੀ ਵਿਅਕਤੀ ਦੇ ਦ੍ਰਿਸ਼ਟੀਕੋਣ ਤੋਂ, ਚਾਰ ਤੱਥ ਨਿਸ਼ਚਤ ਹਨ, ਭਾਵੇਂ ਕੂਚ ਦੀ ਪੁਸਤਕ ਦੀ ਮਿਤੀ ਤੇਰ੍ਹਾਂ ਸਦੀ ਵਿਚ ਜਾਂ ਪੰਦਰਾਂ ਸਦੀ ਈਸਾ ਪੂਰਵ ਵਿਚ ਹੋਵੇ:

(1) ਕੂਚ ਦੀ ਪੁਸਤਕ ਵਿਚ ਜੋ ਘਟਨਾਵਾਂ ਦਰਜ਼ ਹਨ ਅਸਲ ਵਿਚ ਵਾਪਰੀਆਂ ਸਨ।

(2) ਕੂਚ ਮਿਸਰ ਦੇ ਇਤਹਾਸ ਦੇ ਨਵੇਂ ਰਾਜ ਦੇ ਯੁੱਗ ਦੌਰਾਨ ਹੋਇਆ ਸੀ - ਉਹ ਸਮਾਂ ਜਦੋਂ ਮਿਸਰ ਇਸ ਦੀ ਤਾਕਤ ਦੇ ਸਿਖਰ ਤੇ ਪਹੁੰਚਿਆ ਸੀ। ਸੱਚਮੁੱਚ, ਮਿਸਰ ਪ੍ਰਾਚੀਨ ਮਸੋਪੋਤਾਮੀਆ ਦੀ ਸਭ ਤੋਂ ਵੱਡੀ ਸ਼ਕਤੀ ਸੀ। ਜੋ ਵੀ ਸੀ, ਪਰਮੇਸ਼ੁਰ ਨੇ ਉਸ ਸਮੇਂ ਦੇ ਸਭ ਤੋਂ ਵੱਡੇ ਰਾਜ ਨੂੰ ਹਰਾ ਕੇ ਇਸਰਾਏਲੀਆਂ ਨੂੰ ਛੁਟਕਾਰਾ ਦਿੱਤਾ ਸੀ।

(3) ਘਟਨਾਵਾਂ ਦਾ ਵਿਰਤਾਂਤ ਅਤੇ ਪੁਸਤਕ ਵਿਚ ਪਾਈਆਂ ਜਾਣ ਵਾਲੀਆਂ ਬਿਧੀਆਂ ਨਿਸ਼ਚਤ ਤੌਰ ਤੇ ਲਗਭਗ ਉਸ ਸਮੇਂ ਦੇ ਨੇੜੇ ਤੇੜੇ ਲਿਖੀਆਂ ਗਈਆਂ ਸਨ ਜਦੋਂ ਉਹ ਵਾਪਰੀਆਂ ਜਾਂ ਦਿੱਤੀਆਂ ਗਈਆਂ ਸਨ।

(4) ਭਾਵੇਂ ਕੂਚ ਜਦ ਕਦੇ ਵੀ ਹੋਇਆ ਸੀ, ਕੂਚ ਦੀ ਪੁਸਤਕ ਦਾ ਪ੍ਰੇਰਣਾ ਵਾਲਾ ਸੰਦੇਸ਼ ਇੱਕੋ ਹੀ ਹੈ।

---

## ਟਿੱਪਣੀਆਂ

[1]ਹੈਨਰੀ ਐਚ. ਹੈਲੀ, *ਹੈਲੀਜ ਬਾਈਬਲ ਹੈਂਡਬੁਕ*, 24ਵਾਂ ਸੋਧਿਆ, ਸੰਸਕਰਣ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 1965), 32. [2]ਸੀ. ਆਰ. ਕੋਨਡਰ, "ਕੂਚ," *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ* ਵਿਚ, ਸੰਪਾ. ਜੇਮਸ ਓਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1915), 2:1053. [3]ਜੌਨ ਐਚ. ਵਾਲਟਨ ਦੀ ਪੁਸਤਕ *ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ: ਪੈਂਟਾਟੁਕ*, ਸੰਪਾ. ਟੀ. ਡੈਸਮੰਡ ਐਲਗਜੰਡਰ ਅਤੇ ਡੇਵਿਡ ਡਬਲਿਯੂ. ਬੇਕਰ (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਟੀ ਪ੍ਰੈਸ, 2003) ਵਿਚ ਸਫ਼ਾ 260 ਤੇ "ਡੇਟ ਆਫ਼ ਐਕਸੋਡਸ" ਹੈ। [4]ਅੱਖਰਾਂ ਨੂੰ ਲਿਖਣ ਦਾ ਤਰੀਕਾ, ਜਿਵੇਂ ਕਿ ਮਿਤੀ, ਹਰ ਸ੍ਰੋਤ ਵਿਚ ਵੱਖੋ-ਵੱਖਰੇ ਹਨ। ਇਤਹਾਸਕਾਰ ਇਸ ਫ਼ਿਰਊਨ ਦਾ ਹਵਾਲਾ "ਰੈਮਸੇਸ," "ਰਾਮੈਸਸ," "ਰਾਮਸੈਸ," ਜਾਂ "ਰਾਮਸੇਸ" ਦੇ ਰੂਪ ਵਿਚ ਦਿੰਦੇ ਹਨ। ਕੂਚ 1:11 ਅਨੁਸਾਰ, ਮਿਸਰ ਦੇ ਗੋਦਾਮਾਂ ਵਾਲੇ ਸ਼ਹਿਰਾਂ ਵਿਚ ਇਕ ਸ਼ਹਿਰ ਦਾ ਨਾਮ "ਰਾਮਸੈਸ" (NASB; KJV) ਜਾਂ "ਰਾਮਸੇਸ" (NIV; AB) ਸੀ। [5]ਪੁਰਾਣੀ ਮਿਤੀ ਦਾ ਸਮਰਥਨ ਗਲੀਸਨ ਐਲ. ਆਰਚਰ, ਜੂਨੀਅਰ ਦੀ ਪੁਸਤਕ *ਏ ਸਰਵੇ ਆਫ਼ ਓਲਡ ਟੈਸਟਾਮੈਂਟ ਇਨਸਟਰੱਕਸ਼ਨ*, ਸੋਧ ਅਤੇ ਵਿਸਤਾਰ (ਸ਼ਿਕਾਗੋ: ਮੂਡੀ ਪ੍ਰੈਸ, 1994) ਵਿਚ ਸਫ਼ੇ 239-52 ਤੇ; ਓਡਿਸ ਡੀ. ਡੰਕਨ ਦੀ ਪੁਸਤਕ "ਡੇਟਿੰਗ ਦਿ ਐਕਸੋਡਸ ਫਰਾਮ ਇਜਿਪਟ: ਏ ਲੁਕ ਐਟ ਦ ਬਿਬਲੀਕਲ ਡੇਟਾ," *ਦ ਜਰਨਲ ਆਫ਼ ਬਿਬਲੀਕਲ ਇੰਟਰਪਰਿਟੇਸ਼ਨ ਐਂਡ ਐਪਲੀਕੇਸ਼ਨ* 1 (ਜੁਲਾਈ-ਸਤੰਬਰ 2002) ਵਿਚ ਸਫ਼ੇ 79-92 ਤੇ ਅਤੇ ਜੌਨ ਜੇ. ਬਿਮਸਨ ਅਤੇ ਡੇਵਿਡ ਲਿਵਿੰਗਸਟੋਨ ਦੀ ਪੁਸਤਕ "ਰੀਡੇਟਿੰਗ ਦਿ ਐਕਸੋਡਸ," *ਬਿਬਲੀਕਲ ਆਰਕੀਓਲੋਜੀ ਰਿਵਿਊ* 13 (ਸਤੰਬਰ-ਅਕਤੂਬਰ 1987) ਵਿਚ ਸਫ਼ੇ 40-53 ਤੇ ਕੀਤਾ ਗਿਆ ਹੈ। [6]ਕੂਚ ਦੀ ਪੁਸਤਕ ਦੀ ਮਿਤੀ ਤੇ ਦੋ ਮੁੱਖ ਦ੍ਰਿਸ਼ਟੀਕੋਣਾਂ ਦੇ ਲਈ ਅਤੇ ਵਿਰੁੱਧ ਮੁੱਖ ਦਲੀਲਾਂ ਜੌਨ ਐਚ. ਵਾਲਟਨ ਦੀ ਪੁਸਤਕ *ਕਰੋਨੋਲੀਜੀਕਲ ਐਂਡ ਬੈਕਗਰਾਊਂਡ ਚਾਰਟਸ ਆਫ਼ ਦਿ ਓਲਡ ਟੈਸਟਾਮੈਂਟ*, ਸੋਧ ਅਤੇ ਵਿਸਤਾਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1994) ਵਿਚ ਸਫ਼ੇ 102-3 ਤੇ ਪੇਸ਼ ਕੀਤੀਆਂ ਗਈਆਂ ਹਨ।

## ਅਧਿਐਨ 3

# ਮਿਸਰ ਦੀ ਧਰਤੀ

ਮਿਸਰ, ਇਸਰਾਏਲ ਦੀ ਧਰਤੀ ਤੇ ਚਾਰ ਸੌ ਸਾਲ ਦਾ ਵਸੇਬਾ, ਪ੍ਰਾਚੀਨ ਨੇੜੇ ਪੂਰਬ (ਦੂਜਾ ਮਸੋਪੋਤਾਮੀਆ ਸੀ) ਵਿਚ ਸੱਭਿਅਤਾ ਦੇ ਦੋ ਸਭ ਤੋਂ ਪੁਰਾਣੇ ਕੇਂਦਰਾਂ ਵਿੱਚੋਂ ਇਕ ਸੀ। ਅਬਰਾਹਾਮ ਦੇ ਜਨਮ ਲੈਣ ਤੋਂ ਲੰਬੇ ਸਮੇਂ ਪਹਿਲਾਂ, ਮਿਸਰ ਸ਼ਕਤੀਸ਼ਾਲੀ ਫ਼ਿਰਊਨਾਂ ਨਾਲ ਇਕ ਵੱਡਾ ਦੇਸ ਸੀ ਜਿਨ੍ਹਾਂ ਨੇ ਪਹਿਲਾਂ ਤੋਂ ਵੱਡੇ-ਵੱਡੇ ਪਿਰਾਮਿਡ (ਮੀਨਾਰ) ਬਣਾਏ ਸਨ। ਚੌਥੇ ਮਿਲੇਨੀਅਮ (ਹਜ਼ਾਰ ਵਰ੍ਹੇ) ਈਸਾ ਪੂਰਵ ਵਿਚ, ਮਿਸਰੀ ਲੋਕ ਲਿਖਣ ਦੀ ਯੋਗਤਾ ਨੂੰ ਵਿਕਸਤ ਕਰਨ ਵਾਲੇ ਪਹਿਲੇ ਸੱਭਿਆਚਾਰਾਂ ਵਿੱਚੋਂ ਇਕ ਬਣੇ; ਉਨ੍ਹਾਂ ਨੇ ਚਿੱਤਰ ਦੇ ਰੂਪ ਵਿਚ ਲਿਖਣ ਦੇ ਰੂਪ ਦੀ ਵਰਤੋਂ ਕੀਤੀ ਸੀ ਜਿਹੜਾ ਚਿੱਤਰਲੇਖ ਦੇ ਤੌਰ ਤੇ ਜਾਣਿਆ ਗਿਆ ਸੀ। ਜਿਵੇਂ ਕਿ ਅੱਜ ਕੱਲ੍ਹ ਦੇ ਸੈਨਾਨੀ ਸਮਾਰਕਾਂ ਤੋਂ ਆਕਰਸ਼ਤ ਹੁੰਦੇ ਹਨ, ਅਬਰਾਹਾਮ ਅਤੇ ਹੋਰ ਪਿਤਾਪੁਰਖ ਮਿਸਰ ਦੇ ਸਮਾਰਕਾਂ, ਧਨ ਦੌਲਤ ਅਤੇ ਸ਼ਕਤੀ ਨੂੰ ਵੇਖ ਕੇ ਹੈਰਾਨ ਹੋਏ ਹੋਣਗੇ, ਜੋ ਕਿ ਪਹਿਲਾਂ ਤੋਂ ਪ੍ਰਾਚੀਨ ਦੇਸ ਵਿਚ ਸੀ ਜਦੋਂ ਉਹ ਉੱਥੇ ਗਏ।

### ਇਸ ਦਾ ਨਾਮ

ਮਿਸਰ ਲਈ ਇਬਰਾਨੀ ਨਾਮ “ਮਿਸਰਇਮ” (מִצְרַיִם, *ਮਿਟਸਰਾਯਿਮ*), ਹਾਮ ਦੇ ਪੁੱਤ੍ਰ ਦਾ ਨਾਮ ਹੈ (ਉਤਪਤ 10:6, 13)। ਕਨਾਨੀ ਲੋਕ ਮਿਸਰ ਨੂੰ “ਮਿਸਰੁ” ਵਜੋਂ ਜਾਣਦੇ ਸਨ, ਸ਼ਾਇਦ ਜਿਸ ਦਾ ਅਰਥ ਹੈ “ਮਜ਼ਬੂਤ ਸ਼ਹਿਰ।” “ਮਿਸਰਇਮ” ਸ਼ਬਦ ਨੂੰ ਇਬਰਾਨੀ ਬਾਈਬਲ ਵਿਚ ਦੋਹਰੇ ਰੂਪ ਵਿਚ ਮਤਲਬ “ਦੋ ਮਿਸਰਾਂ” ਦੇ ਰੂਪ ਵਿਚ ਇਸਤੇਮਾਲ ਕੀਤਾ ਗਿਆ ਹੈ ਅਤੇ ਸ਼ਾਇਦ ਇਹ ਉਪਰਲੇ ਅਤੇ ਹੇਠਲੇ ਮਿਸਰ ਦਾ ਹਵਾਲਾ ਦੇ ਰਿਹਾ ਹੈ।[1] “ਮਿਸਰ” ਸ਼ਬਦ ਮੈਮਫਿਸ (Αἴγυπτος, *ਏਗੁਪਟੋਸ)* ਨਾਮ ਦੇ ਲਈ ਵਰਤੇ ਯੂਨਾਨੀ ਰੂਪ ਵਿੱਚੋਂ ਨਿੱਕਲਿਆ ਹੈ।[2] ਪ੍ਰਾਚੀਨ ਮਿਸਰੀ ਲੋਕ ਉਨ੍ਹਾਂ ਦੇ ਦੇਸ ਨੂੰ “ਮਿਸਰਇਮ” ਨਹੀਂ ਸੀ ਕਹਿੰਦੇ; ਬਲਕਿ ਉਹ ਇਸ ਨੂੰ “ਦੇਸ” ਜਾਂ “ਦੋ ਦੇਸ” ਕਹਿੰਦੇ ਸਨ ਜੋ ਕਿ “ਕਾਲੀ ਜ਼ਮੀਨ” (ਹੜ ਆਉਣ ਤੇ ਨੀਲ ਨਦੀ ਦੁਆਰਾ ਰੱਖਿਆ ਗਿਆ ਉਪਜਾਊ ਚਿੱਕੜ) “ਲਾਲ ਜ਼ਮੀਨ” (ਉਜਾੜ) ਤੋਂ ਅਲੱਗ ਕਰਦੀ ਸੀ।[3]

### ਇਸ ਦਾ ਭੂਗੋਲ

ਮਿਸਰ ਨੂੰ ਹਮੇਸ਼ਾ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ: ਹੇਠਲਾ ਮਿਸਰ (ਉੱਤਰ ਵਿਚ) ਜਿਸ ਦੇ ਵਿਚ ਡੈਲਟਾ ਅਤੇ ਮੈਮਫਿਸ ਦੇ ਦੱਖਣ ਵੱਲ ਨੀਲ ਨਦੀ ਦਾ ਇਕ ਛੋਟਾ ਹਿੱਸਾ ਸ਼ਾਮਲ ਸੀ ਅਤੇ ਉੱਪਰਲਾ ਮਿਸਰ (ਦੱਖਣ ਵਿਚ), “[ਨੀਲ ਦੀ] ਤੰਗ ਵਾਦੀ” ਸ਼ਾਮਲ ਹੈ।[4] ਇਸਰਾਏਲੀ ਲੋਕ ਅਸਲ ਵਿਚ ਡੈਲਟਾ ਇਲਾਕੇ ਵਿਚ ਟਿਕੇ ਸਨ ਜਿਸ ਨੂੰ “ਗੋਸ਼ਨ” ਵਜੋਂ ਜਾਣਿਆ ਜਾਂਦਾ ਸੀ (ਉਤਪਤ 45:10, 11; 46:28)। ਫਿਤੋਮ ਅਤੇ ਰਾਮਸੇਸ ਸ਼ਹਿਰ (ਕੂਚ 1:11) ਵੀ ਇਸ ਇਲਾਕੇ ਵਿਚ ਸਥਿਤ ਸਨ।

ਮਿਸਰ ਦੀ ਸਭ ਤੋਂ ਮਹੱਤਵਪੂਰਣ ਭੂਗੋਲਿਕ ਵਿਸ਼ੇਸ਼ਤਾ ਨੀਲ ਨਦੀ ਹੈ। ਪੰਜਵੀਂ ਸਦੀ ਈਸਾ

ਪੂਰਵ ਵਿਚ, ਹੇਰੋਦੋਤੁਸ ਨੇ ਮਿਸਰ ਦੀ "ਨੀਲ ਦੇ ਤੋਹਫ਼ੇ" ਦੇ ਰੂਪ ਵਿਚ ਗੱਲ ਕੀਤੀ ਸੀ। ਨੀਲ ਨਦੀ ਦੁਨੀਆ ਦੀਆਂ ਸਭ ਤੋਂ ਲੰਬੀਆਂ ਨਦੀਆਂ ਵਿੱਚੋਂ ਇਕ ਹੈ ਜੋ ਕਿ ਲਗਭਗ ਚਾਰ ਹਜ਼ਾਰ ਮੀਲਾਂ ਤੋਂ ਵੱਧ ਇਲਾਕੇ ਵਿਚ ਵਗਦੀ ਹੈ। ਇਹ ਦੁਨੀਆ ਦੀਆਂ ਕੁਝ ਪ੍ਰਮੁੱਖ ਨਦੀਆਂ ਵਿੱਚੋਂ ਇਕ ਹੈ ਜੋ ਦੱਖਣ ਤੋਂ ਉੱਤਰ ਨੂੰ ਵਗਦੀਆਂ ਹਨ। ਨੀਲ ਨਦੀ ਮਿਸਰ ਨੂੰ ਵੱਸਣ ਯੋਗ ਬਣਾਉਂਦੀ ਹੈ। ਨਦੀ ਦੇ ਦੋਹਾਂ ਪਾਸਿਆਂ ਦੇ ਤੰਗ ਕਿਨਾਰਿਆਂ ਤੇ ਖੇਤੀ ਕੀਤੀ ਜਾ ਸਕਦੀ ਹੈ। ਚਾਰਲਸ ਐਫ. ਫੀਫਰ ਨੇ ਆਖਿਆ, "ਨੜਿੱਨਵੇਂ ਪ੍ਰਤੀਸ਼ਤ ਅਬਾਦੀ ਇਲਾਕੇ ਦੇ ਉਸ ਚਾਰ ਪ੍ਰਤੀਸ਼ਤ ਤੇ ਰਹਿੰਦੀ ਹੈ ਜਿਸ ਦੀ ਨੀਲ ਨਦੀ ਦੁਆਰਾ ਸਿੰਚਾਈ ਕੀਤੀ ਜਾ ਸਕਦੀ ਹੈ ਅਤੇ ਕੁਝ ਝਰਨਿਆਂ ਨੂੰ ਛੱਡ ਕੇ ਬਾਕੀ ਸਭ ਉਜਾੜ ਹੈ।"[5] ਉੱਥੇ ਮੀਂਹ ਲਗਭਗ ਨਾ ਮਾਤਰ ਹੈ।

ਮਿਸਰ ਬਾਰੇ ਸਭ ਤੋਂ ਮਹੱਤਵਪੂਰਣ ਸਰੀਰਕ ਤੱਥ ਇਹ ਹੈ ਕਿ ਨੀਲ ਆਮ ਤੌਰ ਤੇ ਪੂਰਵਸੂਚਕ ਅਤੇ ਦਿਆਲੂ ਸੀ। ਇਸ ਤੇ ਇਹ ਭਰੋਸਾ ਕੀਤਾ ਜਾ ਸਕਦਾ ਸੀ ਕਿ ਹਰ ਸਾਲ ਇਸ ਵਿਚ ਹੜ ਆਵੇਗਾ, ਪਰ ਜ਼ਿਆਦਾ ਨਹੀਂ, ਜੋ ਬੰਜਰ ਜ਼ਮੀਨ ਤੇ ਫਸਲ ਨੂੰ ਉੱਗਣਾ ਸੰਭਵ ਬਣਾਉਂਦਾ ਸੀ। ਇਹ ਹੜ ਨਾ ਸਿਰਫ ਪਾਣੀ ਦਿੰਦਾ ਸੀ ਪਰ ਹਰ ਸਾਲ ਜ਼ਮੀਨ ਤੇ ਇਕ ਨਵੀਂ ਸਤ੍ਹਾ ਆ ਜਾਂਦੀ ਸੀ ਜੋ ਜ਼ਮੀਨ ਨੂੰ ਉਪਜਾਊ ਬਣਾਉਂਦੀ ਸੀ।[6]

ਮਿਸਰ ਦੇ ਭੂਗੋਲ ਦੇ ਨਤੀਜਿਆਂ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਲ ਸਨ:

(1) *ਕੌਮੀ ਏਕਤਾ।* ਉੱਤਰੀ ਇਲਾਕੇ ਦੇ ਅਤੇ ਦੱਖਣੀ ਇਲਾਕੇ ਦੇ ਲੋਕਾਂ ਵਿਚਕਾਰ ਕੋਈ ਕੁਦਰਤੀ ਰੁਕਾਵਟ ਨਹੀਂ ਸੀ। ਦਰਅਸਲ, ਨੀਲ ਨਦੀ ਜ਼ਮੀਨ ਦੇ ਦੋ ਹਿੱਸਿਆਂ ਵਿਚਕਾਰ ਆਵਾਜਾਈ ਅਤੇ ਗੱਲਬਾਤ ਦਾ ਕੁਦਰਤੀ ਤਰੀਕਾ ਮੁਹੱਈਆ ਕਰਦੀ ਸੀ। (2) *ਕੁਦਰਤੀ ਸੁਰੱਖਿਆ।* ਹੋਰ ਦੇਸ਼ਾਂ ਦੇ ਮੁਕਾਬਲੇ, ਮਿਸਰ ਤੁਲਨਾਤਮਕ ਰੂਪ ਵਿਚ ਸੁਰੱਖਿਅਤ ਸੀ, ਕਿਉਂਕਿ ਇਸ ਦੇ ਉੱਤਰ ਵੱਲ ਸਮੁੰਦਰ ਸੀ ਅਤੇ ਪੱਛਮ, ਦੱਖਣ ਅਤੇ ਪੂਰਬ ਵਾਲੇ ਪਾਸੇ ਦੇਸ ਦੇ ਆਲੇ-ਦੁਆਲੇ ਉਜਾੜ ਸੀ। (3) *ਮੌਸਮੀ ਇਕਸਾਰਤਾ।* ਰੁੱਤਾਂ ਦੀ ਅਤੇ ਖਾਸਕਰ ਨੀਲ ਦੀ ਨਰਮਾਈ ਨੇ, ਮਿਸਰ ਦੀ ਕੌਮੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਸੀ। ਉਹ ਅਤੇ ਉਨ੍ਹਾਂ ਦੇ ਦੇਵਤੇ ਮਸੋਪੋਤਾਮੀਆ ਦੇ ਲੋਕਾਂ ਅਤੇ ਦੇਵਤਿਆਂ ਨਾਲੋਂ ਅਲੱਗ ਸਨ - ਜ਼ਿਆਦਾ ਪੂਰਵਸੂਚਕ ਅਤੇ ਜ਼ਿਆਦਾ ਦਿਆਲੂ।[7] (4) *ਖਣਿਜ ਦੌਲਤ।* ਮਿਸਰ ਵਿਚ ਹਰ ਤਰ੍ਹਾਂ ਦੇ ਕੀਮਤੀ ਪੱਥਰ ਅਤੇ ਖਣਿਜ ਅਤੇ ਨਿਰਮਾਣ ਸਮੱਗਰੀ ਉਪਲਬਧ ਸੀ। ਪੁਰਾਤੱਤਵ ਖੋਜਾਂ ਇਸ ਗੱਲ ਦਾ ਉਦਾਹਰਣ ਦਿੰਦੀਆਂ ਹਨ ਕਿ ਇਹ ਦੇਸ ਕਿੰਨਾ ਅਮੀਰ ਸੀ। ਪਰ, ਮਿਸਰ ਵਿਚ "ਘਰਾਂ ਅਤੇ ਸਮੁੰਦਰੀ ਜਹਾਜ਼ਾਂ ਦੇ ਚੰਗੀ, ਠੋਸ ਲੱਕੜੀ" ਦੀ ਘਾਟ ਸੀ।[8]

## ਇਸ ਦਾ ਇਤਹਾਸ

ਪਹਿਲੇ ਲਿਖਤ ਸਮੇਂ ਤੋਂ ਹੀ, ਮਿਸਰ ਦੋ ਰਾਜਾਂ ਵਿਚ ਵੰਡਿਆ ਗਿਆ ਸੀ। ਇਹ ਪਹਿਲੀ ਵੰਡ ਜ਼ਮੀਨ ਅਤੇ ਇਸ ਦੇ ਚਿੰਨ੍ਹਾਂ ਦੇ ਨਾਮ ਤੇ ਬਰਕਰਾਰ ਰੱਖੀ ਗਈ ਸੀ। ਇਸ ਦੇਸ ਨੂੰ ਲਗਭਗ 3000 ਈਸਾ ਪੂਰਵ ਵਿਚ ਇਕ ਮਹਾਨ ਰਾਜਾ ਦੁਆਰਾ ਇਕ ਕੀਤਾ ਗਿਆ ਸੀ ਜਿਸ ਨੂੰ ਮੀਨਸ ਜਾਂ ਨਾਰਮਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਉਸ ਸਮੇਂ ਤੋਂ ਹੀ, ਪ੍ਰਚਾਨੀ ਮਸੋਪੋਤਾਮੀਆ ਵਿਚ ਹੋਰ ਕਿਸੇ ਦੇਸ ਨਾਲੋਂ ਵੱਧ, ਮਿਸਰ ਇਕ ਸੰਯੁਕਤ ਦੇਸ ਰਿਹਾ ਸੀ। ਪਰ, ਮਿਸਰੀ ਲੋਕ ਉਨ੍ਹਾਂ ਦੇ ਦੇਸ ਦੇ ਦੋਹਰੇ ਸੁਭਾਅ ਬਾਰੇ ਕਦੇ ਨਹੀਂ ਸੀ ਭੁੱਲੇ: "ਫ਼ਿਰਊਨ ਹਮੇਸ਼ਾ 'ਉੱਪਰਲੇ ਅਤੇ ਹੇਠਲੇ ਮਿਸਰ ਦਾ ਰਾਜਾ' ਅਤੇ 'ਦੋ ਦੇਸਾਂ ਦਾ ਸਵਾਮੀ' ਸੀ।"[9]

ਲਗਭਗ 280 ਈਸਾ ਪੂਰਵ ਵਿਚ, ਮਿਸਰੀ ਜਾਜਕ ਮਨੀਥੋ ਨੇ ਪ੍ਰਚਾਨੀ ਮਿਸਰ ਦੇ ਇਤਹਾਸ ਨੂੰ ਤੀਹ ਵੰਸ਼ਾਂ ਵਿਚ ਵੰਡ ਦਿੱਤਾ ਸੀ। ਉਸ ਨੇ ਮਿਸਰੀ ਸ਼ਕਤੀ ਦੇ ਤਿੰਨ ਪ੍ਰਮੁੱਖ ਦੌਰਾਂ - ਪੁਰਾਣਾ ਰਾਜ, ਮੱਧ ਰਾਜ ਅਤੇ ਨਵਾਂ ਰਾਜ - ਨਾਲੇ ਹਫੜਾ-ਦਫੜੀ ਅਤੇ ਕਮਜ਼ੋਰੀ ਦੇ ਵਿਚਕਾਰਲੇ ਦੌਰ

ਬਾਰੇ ਦੱਸਿਆ। ਉਸ ਦੀ ਰਚਨਾ ਦਾ, ਹਾਲਾਂਕਿ ਹੁਣ ਪ੍ਰਚਲਿਤ ਨਹੀਂ ਹੈ, ਪ੍ਰਾਚੀਨ ਇਤਹਾਸਕਾਰਾਂ ਦੁਆਰਾ ਹਵਾਲਾ ਦਿੱਤਾ ਗਿਆ ਸੀ ਅਤੇ ਸਦੀਆਂ ਤੋਂ ਬਾਰ-ਬਾਰ ਅਪਨਾਇਆ ਗਿਆ ਸੀ। ਜੌਨ ਐਚ. ਵਾਲਟਨ ਨੇ, ਕੈਨੇਥ ਏ. ਕਿਚਨ ਦੀ ਰਚਨਾ ਦਾ ਹਵਾਲਾ ਦਿੰਦਿਆਂ, ਮਿਸਰੀ ਇਤਹਾਸ ਦੇ ਯੁੱਗਾਂ ਦੇ ਲਈ ਹੇਠ ਲਿਖੀਆਂ ਮਿਤੀਆਂ ਪੇਸ਼ ਕੀਤੀਆਂ ਸਨ:[10]

| **ਮਿਸਰ ਦਾ ਘਟਨਾਕ੍ਰਮ** |
|---|
| ਪ੍ਰਾਚੀਨ ਦੌਰ (3000-2700 ਈਸਾ ਪੂਰਵ)<br>*ਵੰਸ਼ 1, 2* |
| ਪੁਰਾਣਾ ਰਾਜ (2700-2160 ਈਸਾ ਪੂਰਵ)<br>*ਵੰਸ਼ 3-8* |
| ਪਹਿਲਾ ਮੱਧਵਰਤੀ ਦੌਰ (2160-2010 ਈਸਾ ਪੂਰਵ)<br>*ਵੰਸ਼ 9, 10* |
| ਮੱਧ ਰਾਜ (2106-1787 ਈਸਾ ਪੂਰਵ)<br>*ਵੰਸ਼ 11, 12* |
| ਦੂਜਾ ਮੱਧਵਰਤੀ ਦੌਰ (1786-1550 ਈਸਾ ਪੂਰਵ)<br>*ਵੰਸ਼ 13-17* |
| ਨਵਾਂ ਰਾਜ (1550-1069 ਈਸਾ ਪੂਰਵ)<br>*ਵੰਸ਼ 18-20* |
| ਤੀਜਾ ਮੱਧਵਰਤੀ ਦੌਰ (1069-656 ਈਸਾ ਪੂਰਵ)<br>*ਵੰਸ਼ 21-25* |
| ਸੇਟ-ਫਾਰਸੀ ਦੌਰ (664-332 ਈਸਾ ਪੂਰਵ)*<br>*ਵੰਸ਼ 26-31* |
| *ਵੰਸ਼ 27 ਅਤੇ 31 ਫਾਰਸੀ ਸਨ. |

ਵੱਡੇ-ਵੱਡੇ ਮੀਨਾਰ ਚੌਥੇ ਵੰਸ਼ ਦੌਰਾਨ ਬਣਾਏ ਗਏ ਸਨ, ਪੁਰਾਣੇ ਰਾਜ ਦੇ ਯੁੱਗ ਵਿਚ। ਨਵੇਂ ਰਾਜ ਦੇ ਯੁੱਗ ਤੋਂ ਬਾਅਦ, ਮਿਸਰੀ ਸ਼ਕਤੀ ਘੱਟ ਗਈ ਸੀ:

> ਮਿਸਰ ਦੀ ਅਸਲੀ ਸ਼ਕਤੀ ਤੇਜ਼ੀ ਨਾਲ ਡੁੱਬ ਗਈ ਸੀ। ਇਬਰਾਨੀ ਨਬੀਆਂ ਨੇ ਮਿਸਰੀ ਸਹਾਇਤਾ ਤੇ ਭਰੋਸਾ ਕਰਨ ਦੇ ਲਈ ਉਨ੍ਹਾਂ ਦੇ ਰਾਜਿਆਂ ਨੂੰ ਝਿੜਕਿਆ ਸੀ (ਵੇਖੋ ਯਸਾਯਾਹ 30, 31; ਯਿਰਮਿਯਾਹ 46)। ਮਿਸਰ ਦਾ ਅੱਸ਼ੂਰ ਅਤੇ ਬਾਬੁਲ ਨਾਲ ਕੋਈ ਮੁਕਾਬਲਾ ਨਹੀਂ ਸੀ ਅਤੇ ਫਾਰਸੀ ਸਾਮਰਾਜ ਦੇ ਵਿਕਾਸ ਦੇ ਨਾਲ ਅੱਗੇ ਆਉਣ ਵਾਲੇ ਯੁੱਗਾਂ ਦੇ ਲਈ ਆਪਣੀ ਕੌਮੀ ਅਜ਼ਾਦੀ ਨੂੰ ਗੁਆ ਕੇ ਸੱਚਮੁੱਚ "ਨਿੱਕਾ ਰਾਜ" ਬਣ ਗਿਆ (ਹਿਜ਼ਕੀਏਲ 29:15)।[11]

ਦੂਜੇ ਮੱਧਵਰਤੀ ਦੌਰ ਦੌਰਾਨ, ਹਿਸਕੋਸ ਨੇ, ਜਿਹੜਾ ਕਿ ਯਹੂਦੀ ਮੂਲ ਦੇ ਵਿਦੇਸ਼ੀ ਰਾਜਿਆਂ ਵਿੱਚੋਂ ਸੀ, ਮਿਸਰ ਉੱਤੇ ਰਾਜ ਕੀਤਾ। "(ਤੀਜੀ) ਸਦੀ ਈਸਾ ਪੂਰਵ ਦੇ ਇਤਹਾਸਕਾਰ ਮਨੀਥੋ ਅਨੁਸਾਰ, ਹਿਸਕੋਸ ਨੇ ਇਕ ਹਿੰਸਕ ਹਮਲੇ ਦੁਆਰਾ ਮਿਸਰ ਤੇ ਕਬਜ਼ਾ ਕਰ ਲਿਆ," ਇਕ ਅਜਿਹਾ ਵਿਚਾਰ ਜਿਸ ਨੂੰ ਕੁਝ ਸਮੇਂ ਪਹਿਲਾਂ ਵਿਦਵਾਨਾਂ ਦੁਆਰਾ ਚੁਣੌਤੀ ਦਿੱਤੀ ਗਈ ਸੀ ਜਿਹੜੇ ਦਾਅਵਾ ਕਰਦੇ ਹਨ ਕਿ ਸਿੰਘਾਸਣ ਤੇ ਉਨ੍ਹਾਂ ਦਾ ਚੜ੍ਹਨਾ "ਐਨ ਅਮੋਰਿਟ ਕੂਪ ਡੀ' ਈਟੈਟ" ਦਾ

ਨਤੀਜਾ ਸੀ।[12]

ਹਿਸਕੋਸ ਅਤੇ ਯਾਕੂਬ ਦੇ ਪਰਿਵਾਰ ਵਿਚਕਾਰ ਰਿਸ਼ਤਾ ਅਸਪੱਸ਼ਟ ਹੈ। ਕਈਆਂ ਨੇ ਦਾਅਵਾ ਕੀਤਾ ਹੈ ਕਿ ਹਿਸਕੋਸ ਮਿਸਰ ਤੇ ਰਾਜ ਕਰ ਰਿਹਾ ਸੀ ਜਦੋਂ ਯੂਸੁਫ਼ ਅਤੇ ਉਸ ਦਾ ਪਰਿਵਾਰ ਉੱਥੇ ਪਹੁੰਚਿਆ, ਪਰ ਵਿਕਲਪਕ ਵਿਚਾਰ ਇਹ ਹੈ ਕਿ ਦੇਸੀ ਮਿਸਰੀ ਸਿੰਘਾਸਣ ਤੇ ਸੀ ਜਦੋਂ ਇਸਰਾਏਲੀ ਮਿਸਰ ਵਿਚ ਦਾਖ਼ਲ ਹੋਏ ਅਤੇ ਇਹ ਹਿਸਕੋਸ ਸੀ ਜਿਸ ਨੇ ਇਸਰਾਏਲੀਆਂ ਤੇ ਜ਼ੁਲਮ ਕਰਨਾ ਸ਼ੁਰੂ ਕੀਤਾ ਸੀ।[13] ਦੋਹਾਂ ਹਾਲਾਤਾਂ ਵਿਚ, ਅੱਗੇ ਆਉਣ ਵਾਲਾ ਦੌਰ, ਯੁੱਗ ਜਿਸ ਦੇ ਵਿਚ ਇਸਰਾਏਲੀ ਲੋਕ ਮਿਸਰ ਵਿੱਚੋਂ ਬਚ ਕੇ ਨਿੱਕਲੇ ਸਨ, ਨਵੇਂ ਰਾਜ ਦਾ ਯੁੱਗ (1550-1069 ਈਸਾ ਪੂਰਵ) ਸੀ - ਵਿਸਤਾਰ ਦਾ ਸਮਾਂ ਸੀ ਜਿਸ ਦੇ ਦੌਰਾਨ ਮਿਸਰ ਪ੍ਰਾਚੀਨ ਮਸੋਪੋਤਾਮੀਆ ਸਭ ਤੋਂ ਵੱਡੀ ਸ਼ਕਤੀ ਸੀ।

### ਇਸ ਦੇ ਹਾਕਮ[14]

*ਹਟਸ਼ੀਪਸੁਟ* (1486-1468 ਈਸਾ ਪੂਰਵ), ਜੋ ਦੱਸਿਆ ਗਿਆ ਹੈ ਕਿ ਮੂਸਾ ਦੀ ਉਹ ਮਾਂ ਸੀ ਜਿਸ ਨੇ ਉਸ ਨੂੰ ਗੋਦ ਲਿਆ ਸੀ, ਇਸਤਰੀ ਫ਼ਿਰਊਨ ਸੀ।

> ਜਦੋਂ ਥੁਟਮੋਸ II ਅਚਾਣਕ ਮਰ ਗਿਆ (ca. 1479 BCE), ਬੱਚੇ ਥੁਟਮੋਸ III ਦੇ ਲਈ ਰਾਜ-ਪ੍ਰਤੀਨਿਧੀ ਦੇ ਪਦ ਨੂੰ ਸੰਭਾਲਣ ਦੀ ਕਲਪਨਾ ਉਸ ਦੀ ਮਤਰੇਈ ਮਾਂ ਹਟਸ਼ੀਪੁਟ, ਉਸ ਦੇ ਪਿਤਾ ਦੀ ਮੁੱਖ ਰਾਣੀ ਅਤੇ ਅਹਮੋਸ ਦੀ ਸੰਤਾਨ ਦੁਆਰਾ ਕੀਤੀ ਗਈ ਸੀ। ਉਸ ਨੇ ਆਖ਼ਰਕਾਰ ਖੁਦ ਨੂੰ ਰਾਜਾ ਬਣਾ ਲਿਆ ਅਤੇ ਆਪਣੇ ਮਤਰੇਏ ਪੁੱਤਰ ਦੇ ਨਾਲ ਲਗਭਗ ਦੋ ਦਹਾਕਿਆਂ ਤੱਕ ਰਾਜ ਕੀਤਾ, ਸ਼ਾਇਦ ਉਸ ਦੀ ਮੌਤ ਤੱਕ। ... ਬਾਅਦ ਵਿਚ ਉਸ ਦੇ ਰਾਜ ਵਿਚ, ਥੁਟਮੋਸ III ਨੇ ਉਸ ਦੇ ਸਮਾਰਕਾਂ ਦੀ ਬੇਅਦਬੀ ਕੀਤੀ ਅਤੇ ਉਸ ਦੀ ਯਾਦਾਸ਼ਤ ਨੂੰ ਬਦਨਾਮ ਕੀਤਾ।[15]

*ਥੁਟਮੋਸ III* (1490-1436 ਈਸਾ ਪੂਰਵ) ਦਾ ਜੌਨ ਏ. ਵਿਲਸਨ ਦੁਆਰਾ “ਵੱਡੀ ਫੌਜੀ ਅਤੇ ਪ੍ਰਸ਼ਾਸਨਕ ਯੋਗਤਾ ਵਾਲੇ ਮਨੁੱਖ” ਵਜੋਂ ਵਰਣਨ ਕੀਤਾ ਗਿਆ ਸੀ ਜਿਸ ਨੇ “ਅਸਿਯਾ ਦੇ ਲਈ ਸਤਾਰਾਂ ਮੁਹਿੰਮ ਸਮਰਪਿਤ ਕੀਤੇ, [ਉੱਤਰ] ਸਿਰਿਯਾ ਤੱਕ ਮਿਸਰੀ ਸਾਮਰਾਜ ਸਥਾਪਤ ਕੀਤਾ ਅਤੇ ਇਲਾਕੇ ਨੂੰ ਕਬਜ਼ੇ ਵਿਚ ਰੱਖਣ ਦੇ ਲਈ ਫੌਜੀ ਅਤੇ ਸਮਾਜਕ ਨਿਯੰਤਰਣ ਸ਼ੁਰੂ ਕੀਤੇ।”[16] ਗਲੀਸਨ ਐਲ. ਆਰਚਰ, ਜੂਨੀਅਰ ਨੇ ਉਸ ਨੂੰ ਜ਼ੁਲਮ ਕਰਨ ਵਾਲਾ ਫ਼ਿਰਊਨ ਦੱਸਿਆ ਹੈ। ਉਸ ਨੇ ਟਿੱਪਣੀ ਕੀਤੀ ਸੀ ਕਿ, ਰਾਮਸੇਸ II ਤੋਂ ਇਲਾਵਾ, ਸਿਰਫ ਥੁਟਮੋਸ III ਨੇ ਜ਼ਿਆਦਾ ਲੰਬੇ ਸਮੇਂ ਤੱਕ (ਚਤਾਲੀ ਸਾਲ, ਹਟਸ਼ੀਪਸੁਟ ਦੀ ਰਾਜ-ਪ੍ਰਤੀਨਿਧਿਤਵ ਦੇ ਇੱਕੀ ਸਾਲਾਂ ਸਮੇਤ) ਸਿੰਘਾਸਣ ਤੇ ਰਾਜ ਕੀਤਾ ਸੀ, ਉਸ ਸਮੇਂ ਦੌਰਾਨ ਜਦੋਂ ਮੂਸਾ ਮਿਸਰ ਵਿੱਚੋਂ ਭੱਜ ਗਿਆ ਸੀ। ਤੀਹ ਤੋਂ ਚਾਲ੍ਹੀ ਸਾਲ ਬਾਅਦ, ਬਲਦੀ ਹੋਈ ਝਾੜੀ ਵਿੱਚੋਂ ਪਰਮੇਸ਼ੁਰ ਦੁਆਰਾ ਮੂਸਾ ਨੂੰ ਬੁਲਾਏ ਜਾਣ ਤੋਂ ਥੋੜ੍ਹੇ ਸਮੇਂ ਪਹਿਲਾਂ ਉਹ ਮਰ ਗਿਆ ਹੋਵੇਗਾ। ਆਰਚਰ ਨੇ ਇਸ ਫ਼ਿਰਊਨ ਨੂੰ “ਉਤਸ਼ਾਹੀ ਅਤੇ ਊਰਜਾਵਾਨ” ਹਾਕਮ ਦੇ ਰੂਪ ਵਿਚ ਦਰਸਾਇਆ ਸੀ ਜਿਸ ਨੇ ਮਹੱਤਵਪੂਰਣ ਫੌਜੀ ਜਿੱਤਾਂ ਹਾਸਲ ਕੀਤੀਆਂ ਅਤੇ ਕਾਫੀ ਸਾਰੇ ਨਿਰਮਾਣ ਦੇ ਕੰਮ ਪੂਰੇ ਕੀਤੇ।[17]

*ਅਮੈਨਹੋਟੈਪ IV* (*ਅਖੀਨਾਟੋਨ*) ਨੇ 1369 ਤੋਂ ਲੈ ਕੇ 1353 ਈਸਾ ਪੂਰਵ ਤੱਕ ਰਾਜ ਕੀਤਾ ਸੀ। ਇੱਕੋ ਈਸ਼ਵਰ ਤੇ ਵਿਸ਼ਵਾਸ ਕਰਨ ਵਾਲੇ ਦੇ ਤੌਰ ਤੇ, ਉਹ ਸਿਰਫ ਸਨ-ਡਿਸਕ ਅਟੋਨ ਦੀ ਪੂਜਾ ਕਰਦਾ ਸੀ ਅਤੇ ਆਪਣੀ ਪਰਜਾ ਕੋਲੋਂ ਵੀ ਜ਼ਬਰਦਸਤੀ ਉਸ ਦੀ ਪੂਜਾ ਕਰਵਾਉਂਦਾ ਸੀ। ਉਹ ਰਾਜਧਾਨੀ ਨੂੰ ਥੀਬਸ ਤੋਂ ਇਕ ਨਵੇਂ ਸ਼ਹਿਰ ਵਿਚ ਲੈ ਗਿਆ ਜੋ ਉਸ ਨੇ ਮਿਸਰ ਦੇ ਅੱਧ ਵਿਚਾਲੇ ਬਣਾਇਆ ਸੀ ਜਿਸ ਨੂੰ ਅਖੇਟਾਟੋਨ (“ਸਨ-ਡਿਸਕ ਦਾ ਰੁਖ”) ਕਿਹਾ ਜਾਂਦਾ ਹੈ। ਇਸ ਦੇ ਨਾਲ-ਨਾਲ, ਉਸ ਨੇ ਆਪਣੇ ਨਾਮ ਨੂੰ ਅਮੈਨਹੋਟੈਪ (“ਅਮੁਨ” ਜਿਸ ਦਾ ਅਰਥ “ਸੰਤੁਸ਼ਟ” ਹੁੰਦਾ

ਹੈ) ਤੋਂ ਅਖੇਨਾਟੋਨ (ਮਤਲਬ, "ਉਹ ਜਿਹੜਾ ਸਨ-ਡਿਸਕ ਲਈ ਉਪਯੋਗੀ ਹੈ") ਵਿਚ ਬਦਲ ਦਿੱਤਾ। ਤਾਂ ਵੀ, ਉਸ ਦੇ ਸੁਧਾਰ ਸਿਰਫ ਆਰਜ਼ੀ ਸਨ।

> [ਉਸ ਦਾ ਉੱਤਰਾਧਿਕਾਰੀ] ਹੋਰਮਹਬ (1347-1318) ਨੇ ਮੁੜ ਥੀਬਸ ਨੂੰ ਰਾਜਧਾਨੀ ਬਣਾ ਦਿੱਤਾ, ਸਨ-ਡਿਸਕ ਦੇ ਮੰਦਿਰਾਂ ਨੂੰ ਬੰਦ ਕਰ ਦਿੱਤਾ ਅਤੇ ਉਸ ਦੀਆਂ ਇਮਾਰਤਾਂ ਨੂੰ ਤਹਿਸ ਨਹਿਸ ਕਰ ਦਿੱਤਾ, ਨਵੇਂ ਕੰਮ ਵਿਚ ਖੁੰਡਾਂ ਨੂੰ ਭਰਕੇ ... ਅਖੇਨਾਟੋਨ ਦੇ ਇੱਕੋ ਈਸ਼ਵਰਵਾਦ ਨੂੰ ਸੜਕ ਦੇ ਕਿਨਾਰੇ ਡਿੱਗਣ ਤੋਂ ਪਹਿਲਾਂ ਸਿਰਫ ਸਮੇਂ ਦੀ ਲੋੜ ਸੀ।[18]

ਆਖ਼ਰਕਾਰ, ਮਿਸਰੀਆਂ ਨੇ ਪੂਰਨ ਰੂਪ ਨਾਲ ਉਸ ਦੇ ਪ੍ਰਭਾਵ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਸੀ।

ਦਸਤਾਵੇਜ਼ ਜਿਨ੍ਹਾਂ ਨੂੰ "ਅਮਾਰਨਾ ਪੱਤਰਾਂ" ਦੇ ਰੂਪ ਵਿਚ ਜਾਣਿਆ ਜਾਂਦਾ ਸੀ ਉਨ੍ਹਾਂ ਤੇ ਅਖੇਨਾਟੋਨ ਦੇ ਰਾਜ ਦੇ ਸਮੇਂ ਦੀ ਮਿਤੀ ਹੋਵੇਗੀ। ਇਹ ਪੱਤਰ ਟੈਲ-ਏਲ-ਅਮਾਰਨਾ ਵਿਚ ਮਿਲੇ ਸਨ, ਜੋ ਕਿ ਪ੍ਰਾਚੀਨ ਸ਼ਹਿਰ ਅਖੇਟਾਟੋਨ ਦੀ ਥਾਂ ਦੇ ਲਈ ਆਧੁਨਿਕ ਨਾਮ ਹੈ, ਜੋ ਕਿ ਲਗਭਗ 1365 ਈਸਾ ਪੂਰਵ ਵਿਚ ਅਖੇਨਾਟੋਨ ਦੁਆਰਾ ਬਣਾਇਆ ਗਿਆ ਸੀ, ਪਰ ਛੇਤੀ ਹੀ ਤਿਆਗ ਦਿੱਤਾ ਗਿਆ ਸੀ। ਉਹ ਅਕਾਡੀਅਨ ਵਿਚ ਕੀਲਾਕਾਰ ਲਿੱਪੀ ਵਿਚ ਲਿਖੇ ਗਏ ਸਨ, "ਉਸ ਯੁੱਗ ਦੀ ਅੰਤਰਰਾਸ਼ਟਰੀ ਕੂਟਨੀਤਕ ਭਾਸ਼ਾ।" ਉਨ੍ਹਾਂ ਦੀ ਸਮੱਗਰੀ ਸਿਰਿਯਾ-ਫਲਿਸਤੀਨ ਵਿਚ ਪ੍ਰਭਾਵ ਦੇ ਮਿਸਰੀ ਖੇਤਰ ਅੰਤਰ ਗੁੱਟਬੰਦੀ ਦੀ ਹਾਲਤ ਨੂੰ ਦਰਸਾਉਂਦੀ ਹੈ; ਸਥਾਨਕ ਹਾਕਮ ਨਾਲ ਦੇ ਜ਼ਗੀਰਦਾਰਾਂ ਤੇ ਧੋਖੇਬਾਜ਼ੀ ਦਾ ਦੋਸ਼ ਲਾਉਂਦੇ ਸਨ; ਮਿਸਰੀਆਂ ਵੱਲੋਂ ਮਦਦ ਦੀਆਂ ਬੇਨਤੀਆਂ ਅਕਸਰ ਕੀਤੀਆਂ ਜਾਂਦੀਆਂ ਸਨ।"[19]

ਅਮਾਰਨਾ ਦੇ ਪੱਤਰ ਹਬੀਰੂ ਲੋਕਾਂ ਦੀ ਗੱਲ ਕਰਦੇ ਹਨ, ਜਿਨ੍ਹਾਂ ਦਾ ਜ਼ਿਕਰ ਪੂਰੀ ਦੂਜੀ ਸ਼ਤਾਬਦੀ ਈਸਾ ਪੂਰਵ ਵਿਚ ਪ੍ਰਾਚੀਨ ਮਸੋਪੋਤਾਮੀਆਂ ਦੇ ਸ੍ਰੋਤਾਂ ਵਿਚ ਕੀਤਾ ਗਿਆ ਹੈ। ਹਬੀਰੂ ਲੋਕਾਂ ਦਾ ਉੱਤਮ ਵਰਣਨ ਨਸਲੀ ਸਮੂਹ ਦੀ ਬਜਾਇ ਸਮਾਜਕ ਸਮੂਹ ਵਜੋਂ ਕੀਤਾ ਗਿਆ ਹੈ। ਜਿੱਥੇ ਕਿਤੇ ਉਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਨੂੰ "ਵਿਦੇਸ਼ੀ" ਦੇ ਰੂਪ ਵਿਚ ਅਤੇ ਦੇਸੀ ਅਬਾਦੀ ਤੇ ਨਿਰਭਰਤਾ ਦੇ ਸੰਬੰਧ ਵਿਚ ਦਰਸਾਇਆ ਗਿਆ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ "ਹਬੀਰੂ" ਸ਼ਬਦ ਕਿਸੇ ਵੀ ਅਜਿਹੇ ਲੋਕਾਂ ਤੇ ਲਾਗੂ ਕੀਤਾ ਗਿਆ ਹੈ ਜਿਨ੍ਹਾਂ ਦੇ ਕੋਲ ਆਪਣਾ ਕੋਈ ਸਥਾਈ ਘਰ ਨਹੀਂ ਸੀ। "ਇਬਰਾਨੀ" - ਇਸਰਾਏਲੀ ਲੋਕ ਜਿਨ੍ਹਾਂ ਨੇ ਕਨਾਨ ਤੇ ਫਤਹਿ ਪਾਈ ਸੀ - ਹਬੀਰੂ ਲੋਕਾਂ ਨਾਲ ਮੇਲ ਖਾਂਦੇ ਹਨ, ਪਰ ਦੋਹਾਂ ਸਮੂਹਾਂ ਨੂੰ ਇਕ ਸਮਾਨ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਜਿੱਤ ਦੇ ਸਮੇਂ ਪ੍ਰਾਚੀਨ ਮਸੋਪੋਤਾਮੀਆ ਦੇ ਹੋਰਨਾਂ ਹਿੱਸਿਆਂ ਵਿਚ ਉਹ ਨਹੀਂ ਮਿਲ ਸਕੇ।[20]

*ਟੂਟਨਖਾਮੇਨ* (1352-1344 ਈਸਾ ਪੂਰਵ), ਜਿਹੜਾ ਕਿ "ਰਾਜਾ ਟੂਟ" ਵਜੋਂ ਵੀ ਜਾਣਿਆ ਜਾਂਦਾ ਸੀ, ਅਖੇਨਾਟੋਨ ਦਾ ਜਵਾਈ ਸੀ। ਉਹ ਸਮੇਨਖੇਰੇ (ਇਕ ਹੋਰ ਜਵਾਈ) ਤੋਂ ਬਾਅਦ ਫ਼ਿਰਊਨ ਬਣਿਆ, ਜਿਸ ਨੇ 1355 ਤੋਂ ਲੈ ਕੇ 1352 ਈਸਾ ਪੂਰਵ ਤੱਕ ਰਾਜ ਕੀਤਾ ਸੀ, ਜਾਂ ਤਾਂ ਸਹਿ-ਰਾਜ ਪ੍ਰਤੀਨਿਧਤਵ ਸਾਂਝਾ ਕਰਕੇ ਜਾਂ ਅਖੇਨਾਟੋਨ ਦਾ ਉੱਤਰਾਧਿਕਾਰੀ ਬਣ ਕੇ। ਨਾ ਹੀ ਸਮੇਨਖੀਰ ਨਾ ਹੀ ਟੂਟਨਖਾਮੇਨ ਨੇ ਉਨ੍ਹਾਂ ਦੇ ਸਹੁਰੇ ਦੇ ਧਰਮ ਨੂੰ ਕਬੂਲ ਕੀਤਾ ਸੀ; ਉਨ੍ਹਾਂ ਨੇ "ਅਟੋਨ, ਸੂਰਜ ਦੇ ਜੀਵਨ ਦੇਣ ਵਾਲੇ ਮੰਡਲ" ਦੀ ਬਜਾਇ ਸੂਰਜ ਦੇਵਤਾ ਅਮੋਨ ਦੀ ਪੂਜਾ ਕੀਤੀ।[21] ਟੂਟਨਖਾਮੇਨ ਜਵਾਨ ਸੀ ਜਦੋਂ ਉਹ ਮਰਿਆ ਅਤੇ ਉਸ ਦੀ ਕਬਰ 1920 ਵਿਚ ਸੁਰੱਖਿਅਤ ਮਿਲੀ ਸੀ। ਉਸ ਦੀ ਬਿਨ੍ਹਾਂ ਲੁੱਟੀ ਹੋਈ ਕਬਰ ਦੀ ਅਮੀਰੀ ਮਿਸਰ ਦੀ ਦੌਲਤ ਦੀ ਗਵਾਹੀ ਦਿੰਦੀ ਹੈ।

*ਰਾਮਮੇਸ II* (1290-1224 ਈਸਾ ਪੂਰਵ) ਸ਼ਾਇਦ ਫ਼ਿਰਊਨਾਂ ਦੇ ਵਿੱਚੋਂ ਸਭ ਤੋਂ ਵੱਡਾ ਸੀ। ਉਸ ਨੇ ਹੋਰ ਕਿਸੇ ਨਾਲੋਂ ਜ਼ਿਆਦਾ ਸੇਵਾ ਕੀਤੀ, ਮਿਸਰ ਦੇ ਸਾਮਰਾਜ ਨੂੰ ਬਰਕਰਾਰ ਰੱਖਿਆ ਅਤੇ

ਵੱਡੇ-ਵੱਡੇ ਸਮਾਰਕ ਬਣਾਏ। ਇਸ ਤੋਂ ਇਲਾਵਾ, ਉਸ ਨੇ "ਆਪਣੇ ਲਈ ਆਪਣੇ ਪੂਰਵ ਅਧਿਕਾਰੀਆਂ ਦੇ ਸਮਾਰਕਾਂ ਨੂੰ ਬੇਈਮਾਨੀ ਨਾਲ ਹੜੱਪ ਲਿਆ ਸੀ।"[22]

*ਮੀਰਨੀਪਟਾਹ* (1224-1214 ਈਸਾ ਪੂਰਵ) ਰਾਮਸੇਸ ਦਾ ਉੱਤਰਤਧਿਕਾਰੀ ਸੀ। ਉਸ ਨੇ ਫਲਿਸਤੀਨ ਅਤੇ ਸੀਰਿਯਾ ਵਿਚ ਮਿਸਰ ਦੇ ਦੁਸ਼ਮਣਾਂ ਵਿਰੁੱਧ ਇਕ ਫੌਜੀ ਮੁਹਿੰਮ ਚਲਾਈ ਸੀ ਅਤੇ ਆਪਣੀਆਂ ਜਿੱਤਾਂ ਨੂੰ ਯਾਦ ਕਰਦੇ ਹੋਏ ਉੱਕਰਿਆ ਹੋਇਆ ਪੱਥਰ (ਮਿੱਤੀ 1220 ਈਸਾ ਪੂਰਵ ਦੇ ਲਗਭਗ) ਛੱਡ ਗਿਆ। ਉੱਕਰੇ ਹੋਏ ਪੱਥਰ ਤੇ ਮੀਰਨੀਪਟਾਹ ਦੇ ਇਹ ਸ਼ਬਦ ਲਿਖੇ ਹੋਏ ਸਨ: "ਇਸਰਾਏਲ ਵਿਰਾਨ ਹੋ ਗਿਆ, ਉਸ ਦੀ ਕੋਈ ਸੰਤਾਨ ਨਹੀਂ ਹੈ।"[23] ਇਹ ਮਿਸਰੀ ਇਤਹਾਸ ਵਿਚ ਇਸਰਾਏਲ ਦਾ ਪਹਿਲਾ ਜ਼ਿਕਰ ਹੈ ਅਤੇ ਇਹ ਇਸ ਗੱਲ ਦਾ ਸਬੂਤ ਹੈ ਕਿ 1220 ਈਸਾ ਪੂਰਵ ਵਿਚ ਇਸਰਾਏਲ ਕਨਾਨ ਵਿਚ ਸੀ।

## ਇਸ ਦਾ ਸੱਭਿਆਚਾਰ ਅਤੇ ਧਰਮ

ਜਦ ਕਿ ਫ਼ਿਰਊਨ "ਸਮਾਜ ਦਾ ਮੁੱਖ ਆਧਾਰ ਸੀ, ਦੇਵਤਿਆਂ ਅਤੇ ਮਨੁੱਖਾਂ ਦੇ ਵਿਚਕਾਰ ਵਿਚੋਲੇ ਦੇ ਤੌਰ ਤੇ," ਮਿਸਰ ਦੇ ਦੇਵਤਿਆਂ ਨੂੰ "ਕੁਦਰਤ ਦੀਆਂ ਸ਼ਕਤੀਆਂ, ਇਸ ਦੇ ਚਮਤਕਾਰ (ਸੂਰਜ, ਚੰਦ), ਜਾਂ ਧਾਰਨਾਵਾਂ (ਸਿਰਫ ਤਰਤੀਬ) ਦੇ ਸਰੂਪਾਂ" ਵਜੋਂ ਵੇਖਿਆ ਗਿਆ ਸੀ।[24] ਫ਼ਿਰਊਨ, ਜਾਜਕ ਅਤੇ ਸਰਕਾਰੀ ਅਧਿਕਾਰੀ ਵੱਡੇ ਮੰਦਿਰਾਂ ਵਿਚ ਪੂਜਾ ਕਰਦੇ ਸਨ, ਜਿੱਥੇ ਉਹ ਮੰਦਿਰ ਦੇ ਸੰਸਕਾਰਾਂ ਦੇ ਰਾਹੀਂ ਮਿਸਰ ਦੇ ਉੱਤੇ ਦੇਵਤਿਆਂ ਦੀਆਂ ਅਸੀਸਾਂ ਮੰਗਦੇ ਸਨ। ਆਮ ਲੋਕ ਘਰੇਲੂ ਦੇਵਤਿਆਂ ਦੀ ਪੂਜਾ ਕਰਦੇ ਸਨ। "ਜਾਦੂ ਧਰਮ ਦੇ ਇਕ ਪਹਿਲੂ ਦੇ ਰੂਪ ਵਿਚ ਫੈਲ ਰਿਹਾ ਸੀ ... ਪਰ 'ਕਾਲਾ' ਜਾਂਦੂ ਸਜ਼ਾ ਯੋਗ ਅਪਰਾਧ ਸੀ।"[25]

ਫ਼ਿਰਊਨ ਦੀ ਸਰਕਾਰ ਦੀ ਰਾਜ ਦੇ ਅਧਿਕਾਰੀਆਂ ਅਤੇ ਮੰਤਰੀਆਂ ਦੀ ਨੌਕਰਸ਼ਾਹੀ ਦੁਆਰਾ ਸੇਵਾ ਟਹਿਲ ਕੀਤੀ ਜਾਂਦੀ ਸੀ। ਜਾਜਜਾਂ ਦੀਆਂ ਆਪਣੀਆਂ ਜਗੀਰਾਂ ਅਤੇ ਪ੍ਰਸ਼ਾਸਨ ਸਨ। ਨਵੇਂ ਰਾਜ ਤੋਂ ਅੱਗੇ, ਮਿਸਰ ਨੇ ਉਸ ਫੌਜ ਨੂੰ ਕਾਇਮ ਰੱਖਿਆ ਜਿਹੜੀ ਰੱਥਾਂ ਨਾਲ ਤਿਆਰ ਕੀਤੀ ਗਈ ਸੀ। ਸਮਾਜਕ ਪ੍ਰਸ਼ਾਸਨ ਦੇ ਹਿੱਸੇ ਦੇ ਰੂਪ ਵਿਚ ਪੜ੍ਹਾਈ ਲਿਖਾਈ ਮੰਦਿਰ ਦੇ ਸਕੂਲਾਂ ਵਿਚ ਹੁੰਦੀ ਸੀ। ਮਿਸਰ ਨੇ ਬੁੱਧ ਦੀਆਂ ਪੋਥੀਆਂ (ਕਹਾਉਤਾਂ ਵਰਗੀਆਂ) ਸਮੇਤ, ਕਹਾਣੀਆਂ ਅਤੇ ਕਵਿਤਾ ਦਾ ਬਹੁਤ ਵਧੀਆ ਸਾਹਿਤ ਵਿਕਸਤ ਕੀਤਾ ਸੀ। ਹਾਲਾਂਕਿ ਮਿਸਰ ਮੁੱਖ ਤੌਰ ਤੇ ਖੇਤੀਬਾੜੀ ਕਰਨ ਵਾਲਾ ਸਮਾਜ ਸੀ, ਬੁੱਧਵਾਨ ਕਲਾਕਾਰਾਂ ਅਤੇ ਕਾਰੀਗਰਾਂ ਨੇ ਫ਼ਿਰਊਨ ਦੀ ਸੇਵਾ ਟਹਿਲ ਕੀਤੀ ਅਤੇ ਉਸ ਦੇ ਲਈ ਸ਼ਾਨਦਾਰ ਸਮਾਰਕ ਬਣਾਏ।

ਮੌਤ ਤੋਂ ਬਾਅਦ ਜੀਵਨ ਵਿਚ ਮਿਸਰੀਆਂ ਦੇ ਵਿਸ਼ਵਾਸ ਦੇ ਕਾਰਨ ਉਹ ਕਿਸੇ ਦੀ ਮੌਤ ਤੋਂ ਬਾਅਦ ਉਨ੍ਹਾਂ ਦੀਆਂ ਦੇਹੀਆਂ ਨੂੰ ਮਸਾਲੇ ਲਾ ਕੇ ਰੱਖਣ ਲੱਗ ਪਏ। ਕਬਰ ਵਿਚ ਰੱਖੀਆਂ ਗਈਆਂ ਚੀਜ਼ਾਂ ਓਸੀਰਿਸ, ਮੁਰਦਿਆਂ ਦੇ ਦੇਵਤਾ ਦੇ ਰਾਜ ਵਿਚ ਉਨ੍ਹਾਂ ਦੇ ਮਾਲਕਾਂ ਦੀ ਸੇਵਾ ਕਰਨ ਦੇ ਲਈ ਸਨ।[26]

## ਮਿਸਰ ਅਤੇ ਇਸਰਾਏਲ[27]

ਮਿਸਰ ਦਾ ਇਸਰਾਏਲ ਦੇ ਇਤਹਾਸ ਵਿਚ ਹਮੇਸ਼ਾ ਇਕ ਪ੍ਰਮੁੱਖ ਸਥਾਨ ਰਿਹਾ ਸੀ। ਇਸ ਤੋਂ ਪਹਿਲਾਂ ਕਿ ਇਸਰਾਏਲ ਇਕ ਕੌਮ ਬਣਿਆ, ਮਿਸਰੀ ਸੱਭਿਆਚਾਰ ਦਾ ਪਰਮੇਸ਼ੁਰ ਦੀ ਪਰਜਾ ਤੇ ਪ੍ਰਭਾਵ ਰਿਹਾ ਸੀ।

*ਪੁਰਾਣਾ ਨੇਮ।* ਅਬਰਾਹਾਮ ਨੇ ਮਿਸਰ ਵਿਚ ਸਮਾਂ ਬਿਤਾਇਆ (ਉਤਪਤ 12:10-20) ਅਤੇ ਇਸਮਾਏਲ ਨੇ ਮਿਸਰੀ ਤੀਵੀਂ ਨਾਲ ਵਿਆਹ ਕਰਵਾਇਆ ਸੀ (ਉਤਪਤ 21:21)। ਯੂਸੁਫ਼ ਨੂੰ ਮਿਸਰ ਵਿਚ ਵੇਚਿਆ ਗਿਆ ਸੀ (ਉਤਪਤ 37:25-28, 36) ਅਤੇ ਆਖ਼ਰਕਾਰ ਉਸ ਨੇ ਇਕ

ਮਿਸਰੀ ਤੀਵੀਂ ਨਾਲ ਵਿਆਹ ਕਰਵਾਇਆ ਸੀ (ਉਤਪਤ 41:45)। ਬਾਅਦ ਵਿਚ, ਯਾਕੂਬ ਅਤੇ ਉਸ ਦਾ ਪਰਿਵਾਰ ਮਿਸਰ ਵਿਚ ਰਹਿਣ ਦੇ ਲਈ ਗਏ। ਮੂਸਾ ਦਾ ਉਹ ਨਾਮ ਸੀ ਜਿਹੜਾ ਬਹੁਤ ਹੀ ਨੇੜਿਓਂ ਮਿਸਰੀ ਨਾਵਾਂ ਨਾਮ ਸੰਬੰਧਤ ਸੀ, ਜਿਵੇਂ ਕਿ ਹੋਰ ਇਸਰਾਏਲੀ ਲੋਕਾਂ ਦੇ ਨਾਮ। ਉਸ ਸਮੇਂ ਤੋਂ ਜਦੋਂ ਇਸਰਾਏਲੀ ਲੋਕ ਆਪਣੇ ਗੁਲਾਮੀ ਦੇ ਜੀਵਨ ਨੂੰ ਛੱਡ ਗਏ, ਉਨ੍ਹਾਂ ਨੇ ਆਪਣੇ ਆਪ ਨੂੰ - ਅਤੇ ਪਰਮੇਸ਼ੁਰ ਨੇ ਵੀ - ਉਨ੍ਹਾਂ ਲੋਕਾਂ ਦੇ ਰੂਪ ਵਿਚ ਪਛਾਣਿਆ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਮਿਸਰ ਦੀ ਗੁਲਾਮੀ ਵਿੱਚੋਂ ਛੁਡਾਇਆ ਸੀ (ਕੂਚ 19; 20; 32:1)।[28]

ਪਿਤਾਪੁਰਖਾਂ ਦੇ ਯੁੱਗ ਤੋਂ ਬਾਅਦ, ਇਸਰਾਏਲ ਦੇ ਰਾਜਿਆਂ ਦੇ ਦਿਨਾਂ ਵਿਚ, ਮਿਸਰ ਇਕ ਪ੍ਰਭਾਵਸ਼ਾਲੀ ਸ਼ਕਤੀ ਸੀ - ਕਈ ਵਾਰ ਇਸਰਾਏਲ ਦੇ ਵਿਰੋਧੀ ਦੇ ਤੌਰ ਤੇ ਅਤੇ ਕਈ ਵਾਰ ਇਕ ਸਹਿਯੋਗੀ ਦੇ ਤੌਰ ਤੇ। ਸੁਲੇਮਾਨ ਨੇ ਫਿਰਊਨ ਦੀ ਧੀ ਨਾਲ ਵਿਆਹ ਕੀਤਾ (1 ਰਾਜਿਆਂ 3:1) ਅਤੇ ਮਿਸਰ ਨਾਲ ਵਪਾਰ ਕੀਤਾ (1 ਰਾਜਿਆਂ 10:28, 29)। 1 ਰਾਜਿਆਂ 4:30 ਵਿਚ "ਮਿਸਰ ਦੀ ਬੁੱਧੀ" ਦਾ ਜਿਕਰ ਕੀਤਾ ਗਿਆ ਹੈ (ਵੇਖੋ ਯਸਾਯਾਹ 19:12)। ਫਿਰਊਨ ਨੇ ਗਜਰ ਤੇ ਕਬਜ਼ਾ ਕੀਤਾ (1 ਰਾਜਿਆਂ 9:19) ਅਤੇ ਸੁਲੇਮਾਨ ਦੇ ਦੁਸ਼ਮਣਾਂ ਨੂੰ ਮਿਸਰ ਵਿਚ ਪਨਾਹ ਮਿਲੀ (1 ਰਾਜਿਆਂ 11:17-22, 40)। ਫਿਰਊਨ ਨੇ ਰਹਬੁਆਮ ਤੇ ਹਮਲਾ ਕੀਤਾ ਸੀ (1 ਰਾਜਿਆਂ 14:25, 26)। ਇਸਰਾਏਲ ਅਤੇ ਯਹੂਦਾਹ ਤੋਂ ਰਾਜਿਆਂ ਨੇ ਮਿਸਰ ਦੀ ਮਦਦ ਮੰਗੀ (2 ਰਾਜਿਆਂ 17:4), ਪਰ ਅੱਸ਼ੂਰੀਆਂ ਨੇ ਉਨ੍ਹਾਂ ਨੂੰ ਮਿਸਰ ਤੇ ਨਿਰਭਰ ਨਾ ਹੋਣ ਦੀ ਚਿਤਾਵਨੀ ਦਿੱਤੀ ਸੀ (2 ਰਾਜਿਆਂ 18:21)। ਯੋਸੀਯਾਹ ਮਿਸਰੀ ਫੌਜ ਦੁਆਰਾ ਮਾਰਿਆ ਗਿਆ ਸੀ (2 ਰਾਜਿਆਂ 23:29)। ਮਿਸਰੀ ਹਾਰ ਗਏ ਅਤੇ ਉਨ੍ਹਾਂ ਨੇ ਸਾਰੇ ਦਾਅਵੇ ਨੂੰ ਫਲਿਸਤੀਆਂ ਦੇ ਅੱਗੇ ਗੁਆ ਦਿੱਤਾ ਸੀ (2 ਰਾਜਿਆਂ 24:7)। ਗਦਲਯਾਹ ਦੇ ਕਤਲ ਤੋਂ ਬਾਅਦ, ਕੁਝ ਇਸਰਾਏਲੀ ਆਪਣੇ ਨਾਲ ਯਿਰਮਿਯਾਹ ਨੂੰ ਨਾਲ ਲੈ ਕੇ ਮਿਸਰ ਨੂੰ ਭੱਜ ਗਏ (2 ਰਾਜਿਆਂ 25:26; ਯਿਰਮਿਯਾਹ 41-44)।

ਕਹਾਉਤਾਂ 7:16 ਵਿਚ ਮਿਸਰ ਦੇ ਸੂਤ ਦਾ ਜ਼ਿਕਰ ਕੀਤਾ ਗਿਆ ਹੈ (ਵੇਖੋ ਹਿਜ਼ਕੀਏਲ 27:7) ਅਤੇ ਯਸਾਯਾਹ 45:14 "ਮਿਸਰ ਦੀ ਕਮਾਈ" ਦੀ ਗੱਲ ਕਰਦੀ ਹੈ। ਨਬੀਆਂ ਨੇ ਮਿਸਰ ਦੇ ਵਿਰੁੱਧ ਨਬੂਵਤ ਕੀਤੀ ਸੀ (ਵੇਖੋ ਯਸਾਯਾਹ 19; ਯਿਰਮਿਯਾਹ 46:2-26; ਹਿਜ਼ਕੀਏਲ 29:2-20) ਅਤੇ ਇਸਰਾਏਲੀਆਂ ਨੂੰ ਮਿਸਰ ਨਾਲ ਗਠਜੋੜ ਕਰਨ ਦੇ ਲਈ ਝਿੜਕਿਆ ਸੀ (ਯਸਾਯਾਹ 30:1-5; 31:1)। ਇਕ ਵਾਰ, ਜਦੋਂ ਮਿਸਰ ਨੇ ਯਹੂਦਾਹ ਨੂੰ ਬਚਾਇਆ, ਯਿਰਮਿਯਾਹ ਨੇ ਚਿਤਾਵਨੀ ਦਿੱਤੀ ਸੀ ਕਿ ਇਹ ਰਾਹਤ ਸਿਰਫ ਥੋੜ੍ਹੇ ਸਮੇਂ ਦੇ ਲਈ ਸੀ (ਯਿਰਮਿਯਾਹ 37:11; ਹਿਜ਼ਕੀਏਲ 17:15)। ਊਰੀਯਾਹ ਨਬੀ ਮਿਸਰ ਨੂੰ ਭੱਜ ਗਿਆ ਸੀ, ਪਰ ਉਹ ਯਹੂਦਾਹ ਦੇ ਪਾਤਸ਼ਾਹ ਕੋਲੋਂ ਨਹੀਂ ਸੀ ਬਚਿਆ (ਯਿਰਮਿਯਾਹ 26:20-23)।

*ਨਵਾਂ ਨੇਮ।* ਯਿਸੂ ਦੇ ਜਨਮ ਤੋਂ ਤੁਰੰਤ ਬਾਅਦ, ਉਸ ਦੇ ਮਾਤਾ-ਪਿਤਾ ਉਸ ਨੂੰ ਮਿਸਰ ਨੂੰ ਲੈ ਗਏ (ਮੱਤੀ 2:13-23)। ਰਸੂਲਾਂ ਦੇ ਕਰਤੱਬ 7 ਵਿਚ ਇਸਤੀਫ਼ਾਨ ਨੇ ਆਪਣੇ ਉਪਦੇਸ਼ ਵਿਚ ਮਿਸਰ ਤੇ ਜ਼ੋਰ ਦਿੱਤਾ ਸੀ। ਅਪੁੱਲੋਸ ਸਿਕੰਦਰਿਯਾ ਦਾ ਰਹਿਣ ਵਾਲਾ ਸੀ ਜੋ ਕਿ ਮਿਸਰ ਦਾ ਇਕ ਮੁੱਖ ਸ਼ਹਿਰ ਸੀ (ਰਸੂਲਾਂ ਦੇ ਕਰਤੱਬ 18:24)। ਇਬਰਾਨੀਆਂ 11:26 "ਮਿਸਰ ਦੇ ਖ਼ਜ਼ਾਨਿਆਂ" ਦੀ ਗੱਲ ਕਰਦੀ ਹੈ। ਪਰਕਾਸ਼ ਦੀ ਪੋਥੀ ਵਿਚ, ਮਿਸਰ ਨੂੰ ਸਦੂਮ ਦੇ ਨਾਲ, ਵੱਡੀ ਬੁਰਿਆਈ ਦੇ ਇਕ ਸ੍ਰੋਤ ਦੇ ਰੂਪ ਵਿਚ ਦਰਸਾਇਆ ਗਿਆ ਹੈ (ਪਰਕਾਸ਼ ਦੀ ਪੋਥੀ 11:8)।

*ਬਾਈਬਲ ਦੇ ਬਾਹਰੋਂ ਸੰਦਰਭ।* ਜਦ ਕਿ ਕੋਈ ਵੀ ਦੁਨਿਆਵੀ ਲਿਖਤ ਇਸਰਾਏਲੀਆਂ ਦੇ ਮਿਸਰ ਵਿਚ ਹੋਣ ਜਾਂ ਮਿਸਰ ਵਿੱਚੋਂ ਬਚ ਕੇ ਨਿੱਕਲਣ ਦੀ ਗੱਲ ਨਹੀਂ ਕਰਦੀ, ਮਿਸਰੀ ਲਿਖਤਾਂ ਅਤੇ ਸ਼ਿਲਾਲੇਖ ਯਹੂਦੀਆਂ ਦੇ ਮਿਸਰ ਵਿਚ ਜਾਣ ਅਤੇ ਉੱਥੇ ਗੁਲਾਮਾਂ ਦੇ ਤੌਰ ਤੇ ਸੇਵਾ ਕਰਨ ਦੇ ਵਿਰਤਾਂਤ ਦਿੰਦੇ ਹਨ। ਮੌਜੂਦਾ ਸਬੂਤ ਤੋਂ ਵੀ ਪਤਾ ਲੱਗਦਾ ਹੈ ਕਿ ਮਿਸਰੀਆਂ ਨੇ ਕਨਾਨ ਵਿਚ

ਸਮਾਂ ਬਿਤਾਇਆ ਸੀ। ਮਿਸਰ ਦੇ ਸਾਹਿਤ ਬਹੁਤ ਹੀ ਨੇੜਿਓਂ ਬਾਈਬਲ ਵਿਚ ਇਬਰਾਨੀ ਬੁੱਧੀ ਦੇ ਸਾਹਿਤ ਨਾਲ ਰਲਦੇ ਮਿਲਦੇ ਹਨ। ਇਬਰਾਨੀ ਲੋਕਾਂ ਦੀ ਇਕ ਬਸਤੀ ਨੇ ਛੇਵੀਂ ਸਦੀ ਈਸਾ ਪੂਰਵ ਵਿਚ ਮਿਸਰ ਵਿਚ ਐਲੀਫੈਨਟਾਈਨ ਟਾਪੂ ਤੇ ਉਨ੍ਹਾਂ ਦਾ ਆਪਣਾ ਮੰਦਿਰ ਬਣਾਇਆ ਸੀ ਅਤੇ ਪੰਜਵੀਂ ਸਦੀ ਈਸਾ ਪੂਰਵ ਵਿਚ ਫਾਰਸੀ ਸਮੇਂ ਦੌਰਾਨ ਯਹੂਦਾਹ ਦੇ ਹਾਕਮ ਨੂੰ ਪੱਤਰ ਲਿਖੇ ਸਨ।[29] ਬਾਅਦ ਵਿਚ, ਸਿਕੰਦਰਿਯਾ ਵਿਚ ਯਹੂਦੀ ਲੋਕਾਂ ਦੀ ਇਕ ਵੱਡੀ ਬਸਤੀ ਰਹਿੰਦੀ ਸੀ, ਜਿੱਥੇ ਸਪਤਤੀ (ਪੁਰਾਣੇ ਨੇਮ ਦਾ ਯੂਨਾਨੀ ਅਨੁਵਾਦ) ਦਾ ਅਨੁਵਾਦ ਕੀਤਾ ਗਿਆ ਸੀ।

---

ਟਿੱਪਣੀਆਂ

[1]ਜੌਨ ਡੀ. ਡੇਵਿਸ, *ਏ ਡਿਕਸ਼ਨਰੀ ਆਫ਼ ਦ ਬਾਈਬਲ*, ਚੌਥਾ ਸੋਧਿਆ ਸੰਸਕਰਣ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1957), 190. [2]ਚਾਰਲਸ ਐਫ. ਫੀਫਰ, ਦੀ ਪੁਸਤਕ *ਦ ਬਿਬਲੀਕਲ ਵਰਲਡ: ਏ ਡਿਕਸ਼ਨਰੀ ਆਫ਼ ਬਿਬਲੀਕਲ ਆਰਕੀਓਲੋਜੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1966) ਵਿਚ ਸਫ਼ਾ 207 ਤੇ "ਮਿਸਰ" ਹੈ; ਜੌਨ ਏ. ਵਿਲਸਨ ਦੀ ਪੁਸਤਕ *ਦਿ ਇੰਟਰਪਰਿਟਰਸ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਜੌਰਜ ਆਰਥਰ ਬਟਰਿਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1962) ਵਿਚ ਸਫ਼ਾ 2:39 ਤੇ "ਇਜਿਪਟ" ਹੈ। [3]ਫੀਫਰ, 207-9; ਵਿਲਸਨ, 39. [4]ਐਚ. ਡਬਲਿਯੂ. ਫੇਅਰਮੈਨ, ਜੇਮਸ ਹੈਸਟਿੰਗਸ ਦੀ ਪੁਸਤਕ *ਡਿਕਸ਼ਨਰੀ ਆਫ਼ ਦ ਬਾਈਬਲ*, ਦੂਜਾ ਸੰਪਾਦਨ, ਸੰਪਾ. ਫਰੈਡਰਿਕ ਸੀ. ਗਰਾਂਟ ਅਤੇ ਐਚ. ਐਚ. ਰੋਅਲੀ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1963) ਵਿਚ ਸਫ਼ਾ 231 ਤੇ "ਇਜਿਪਟ" ਹੈ। [5]ਫੀਫਰ, 209. [6]ਕੈਨੈਥ ਏ. ਕਿਚਨ ਦੀ ਪੁਸਤਕ *ਈਰਡਮੈਂਸ ਹੈਂਡਬੁਕ ਟੂ ਦ ਬਾਈਬਲ*, ਸੰਪਾ. ਡੇਵਿਡ ਐਲਗਜੰਡਰ ਅਤੇ ਪੈਟ ਐਲਗਜੰਡਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1973) ਵਿਚ ਸਫ਼ਾ 151 ਤੇ "ਇਜਿਪਟ" ਹੈ। [7]ਜੈਕ ਪੀ. ਲੂਇਸ ਨੇ ਲਿਖਿਆ, "ਮਿਸਰੀ ਸੰਸਾਰ ਦੀ ਇਕਰੂਪਤਾ ਉਸ ਦੇ ਮੱਤਾਂ ਤੇ ਇਸ ਨਿਸ਼ਾਨ ਛੱਡ ਗਈ।" (ਜੈਕ ਪੀ. ਲੂਇਸ ਦੀ ਪੁਸਤਕ *ਦ ਵਰਲਡ ਐਂਡ ਲਿਟਰੇਚਰ ਆਫ਼ ਦਿ ਓਲਡ ਟੈਸਟਾਮੈਂਟ*, ਸੰਪਾ. ਜੌਨ ਟੀ. ਵਿਲੀਜ [ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979] ਵਿਚ ਸਫ਼ਾ 94 ਤੇ "ਬਾਈਬਲ ਆਰਕਿਓਲੋਜੀ ਐਂਡ ਜਾਗਰਫ਼ੀ" ਹੈ। [8]ਵਿਲਸਨ, 41. [9]ਕੈਨੈਥ ਏ. ਕਿਚਨ ਦੀ ਪੁਸਤਕ *ਦ ਜ਼ੋਂਡੇਰਵਨ ਪਿਕਟੋਰੀਅਲ ਇਨਸਾਇਕਲੋਪੀਡੀਆ ਆਫ਼ ਦ ਬਾਈਬਲ*, ਸੰਪਾ. ਮੈਰਿਲ ਸੀ. ਟੈਨੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1975) ਵਿਚ ਸਫ਼ਾ 2:227 ਤੇ "ਮਿਸਰ, ਦੀ ਧਰਤੀ" ਹੈ। [10]ਜੌਨ ਐਚ. ਵਾਲਟਨ, *ਕਰੋਨੋਲੀਜੀਕਲ ਐਂਡ ਬੈਕਗਰਾਊਂਡ ਚਾਰਟਸ ਆਫ਼ ਦਿ ਓਲਡ ਟੈਸਟਾਮੈਂਟ*, ਸੋਧ ਅਤੇ ਵਿਸਤਾਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 1994), 62-63; ਕੈਨੇਥ ਏ. ਕਿਚਨ ਦੀ ਪੁਸਤਕ *ਐਂਕਰ ਬਾਈਬਲ ਡਿਕਸ਼ਨਰੀ*, ਸੰਪਾ. ਡੇਵਿਡ ਨੋਏਲ ਫਰੀਡਮੈਨ (ਨਿਊ ਯਾਰਕ: ਡੱਬਲਡੇਅ, 1992) ਵਿਚ ਸਫ਼ੇ 2:328-30 ਤੇ "ਹਿਸਟਰੀ ਆਫ਼ ਇਜਿਪਟ" ਹੈ। ਮਿਤੀਆਂ ਲਗਭਗ ਹਨ।

[11]ਕਿਚਨ, *ਈਰਡਮੈਂਸ ਹੈਂਡਬੁਕ*, 154. [12]ਜੌਨ ਜੇ. ਡੇਵਿਸ, *ਮੋਜਜ ਐਂਡ ਦ ਗੌਡਸ ਆਫ਼ ਇਜਿਪਟ: ਸਟੱਡੀਜ਼ ਇਨ ਐਕਸੋਡਸ*, ਦੂਜਾ ਸੋਧ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1986), 40. [13]ਗਲੀਸਨ ਐਲ. ਆਰਚਰ, ਜੂਨੀਅਰ, *ਏ ਸਰਵੇ ਆਫ਼ ਓਲਡ ਟੈਸਟਾਮੈਂਟ ਇੰਟਰੋਡਕਸ਼ਨ*, ਸੋਧ ਅਤੇ ਵਿਸਤਾਰ (ਸ਼ਿਕਾਗੋ: ਮੂਡੀ ਪ੍ਰੈਸ, 1994), 221. [14]ਇਨ੍ਹਾਂ ਹਾਕਮਾਂ ਨੂੰ ਇੱਥੇ ਇਸ ਲਈ ਸ਼ਾਮਲ ਕੀਤਾ ਗਿਆ ਹੈ ਕਿਉਂਕਿ ਇਤਹਾਸਕਾਰਾਂ ਨੇ ਉਨ੍ਹਾਂ ਨੂੰ ਕੂਚ ਦੀਆਂ ਘਟਨਾਵਾਂ ਜਾਂ ਸਮੇਂ ਕਾਲ ਨਾਲ ਜੋੜਿਆ ਹੈ। ਫ਼ਿਰਊਨ ਦੇ ਰਾਜਾਂ ਲਈ ਮਿਤੀਆਂ ਵਿਲਸਨ 48-50 ਵਿੱਚੋਂ ਹਨ। ਪੁਰਾਤਨ ਮਿਤੀਆਂ ਲਗਭਗ ਹਨ ਅਤੇ ਇਕ ਸ੍ਰੋਤ ਤੋਂ ਦੂਜੇ ਸ੍ਰੋਤ ਤੀਕ ਵੱਖੋ-ਵੱਖਰੀਆਂ ਹਨ। [15]ਡੇਵਿਡ ਪੀ. ਸਿਲਵਰਮੈਨ, ਸੰਪਾ., *ਏਨਸ਼ੀਐਂਟ ਇਜਿਪਟ* (ਨਿਊ ਯਾਰਕ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, 1997), 32. [16]ਵਿਲਸਨ, 48. [17]ਆਰਚਰ, 228. [18]ਜੌਨ ਕੀਟਿੰਗ ਵਾਈਲਸ ਦੀ ਪੁਸਤਕ *ਮਰਸਰ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਵਾਟਸਨ ਈ. ਮਿਲਸ (ਮੇਕੋਨ, ਜੋਰਜੀਆ: ਮਰਸਰ ਯੂਨੀਵਰਸਿਟੀ ਪ੍ਰੈਸ, 1991) ਵਿਚ ਸਫ਼ੇ 18-19 ਤੇ "ਅਖੇਨਾਟੋਨ" ਹੈ। [19]ਜੌਨ ਕੀਟਿੰਗ ਵਾਈਲਸ ਦੀ ਪੁਸਤਕ *ਮਰਸਰ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਵਾਟਸਨ ਈ. ਮਿਲਸ (ਮੇਕੋਨ, ਜੋਰਜੀਆ: ਮਰਸਰ ਯੂਨੀਵਰਸਿਟੀ ਪ੍ਰੈਸ, 1991) ਵਿਚ ਸਫ਼ੇ 22-23 ਤੇ "ਅਮਾਰਨਾ" ਹੈ। [20]ਉਸੇ ਸਥਾਨ ਤੇ। ਹਬੀਰੁ ਤੇ ਹੋਰ ਜ਼ਿਆਦਾ ਜਾਣਕਾਰੀ ਦੇ ਲਈ, ਐਡਵਰਡ ਐਫ. ਕੈਂਪਬੈਲ, ਜੂਨੀਅਰ, ਦੀ ਪੁਸਤਕ *ਬਿਬਲੀਕਲ ਆਰਕੀਓਲੋਜਿਸਟ* 23 (ਫਰਵਰੀ 1960) ਵਿਚ ਸਫ਼ੇ 2-22 ਤੇ "ਅਰਮਾਨਾ ਦੇ ਪੱਤਰ ਅਤੇ ਅਰਮਾਨਾ ਦਾ ਸਮਾਂ ਕਾਲ" ਅਤੇ ਨੀਲਸ ਪੀਟਰ ਲਮਚੇ ਦੀ ਪੁਸਤਕ *ਐਂਕਰ ਬਾਈਬਲ ਡਿਕਸ਼ਨਰੀ*, ਸੰਪਾ. ਡੇਵਿਡ ਨੋਏਲ ਫਰੀਡਮੈਨ (ਨਿਊ ਯਾਰਕ: ਡੱਬਲਡੇਅ, 1992) ਵਿਚ ਸਫ਼ੇ 3:6-10 ਤੇ "ਹਬੀਰੁ,

ਹਪੀਰੁ” ਵੇਖੋ।

[21]ਵਿਲਸਨ, 50. [22]ਉਸੇ ਸਥਾਨ ਤੇ, 51. [23]ਉਸੇ ਸਥਾਨ ਤੇ, 52. [24]ਕਿਚਨ, *ਈਰਡਮੈਂਸ ਹੈਂਡਬੁਕ*, 151-52. [25]ਉਸੇ ਸਥਾਨ ਤੇ, 152. [26]ਉਸੇ ਸਥਾਨ ਤੇ। [27]ਬਾਈਬਲ ਦੇ ਸੰਬੰਧ ਵਿਚ ਮਿਸਰ ਬਾਰੇ ਵਾਧੂ ਜਾਣਕਾਰੀ ਕਿਚਨ ਦੀ ਪੁਸਤਕ *ਈਰਡਮੈਂਸ ਹੈਂਡਬੁਕ* ਵਿਚ ਸਫ਼ੇ 152-54 ਤੇ ਦਿੱਤੀ ਗਈ ਹੈ। [28]ਵੇਖੋ ਲੇਵੀਆਂ 19:36; 26:13; ਗਿਣਤੀ 20:15, 16; 24:8; ਬਿਵਸਥਾ ਸਾਰ 1:27; 5:6; 6:21; 16:1; 26:8; ਯਹੋਸ਼ੁਆ 9:9; 24:6; ਨਿਆਈਆਂ 2:1, 12; 6:8; 1 ਸਮੂਏਲ 8:8; 12:6; 2 ਸਮੂਏਲ 7:6; 1 ਰਾਜਿਆਂ 8:9, 16, 21, 51; 2 ਰਾਜਿਆਂ 17:7; 1 ਇਤਹਾਸ 17:21; 2 ਇਤਹਾਸ 5:10; ਨਹਮਯਾਹ 9:9, 18; ਜ਼ਬੂਰ 81:10. [29]ਈਮਿਲ ਜੀ. ਕਰੀਲਿੰਗ ਦੀ ਪੁਸਤਕ *ਦਿ ਇੰਟਰਪਰਿਟਰਸ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਜੌਰਜ ਆਰਥਰ ਬਟਰਿਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1962) ਵਿਚ ਸਫ਼ਾ 2:83-85 ਤੇ “ਐਲਿਫੈਂਟਾਈਨ ਪੇਪਿਰੀ” ਹੈ।